ਸੂਬਾਈ ਸੇਲਜ਼ ਟੈਕਸ (ਪੀ ਐੱਸ ਟੀ) ਬਾਰੇ

# ਛੋਟੇ ਕਾਰੋਬਾਰਾਂ ਲਈ ਗਾਈਡ



BRITISH COLUMBIA
The Best Place on Earth

**ਅਕਤੂਬਰ 2008**

*ਇਸ ਗਾਈਡ ਨੂੰ ਆਪਣੇ ਕਾਰੋਬਾਰ ਵਿਚ ਵਰਤਣ ਲਈ ਤੁਹਾਡਾ ਧੰਨਵਾਦ।*

*ਭਾਵੇਂ ਤੁਸੀਂ ਬ੍ਰਿਟਿਸ਼ ਕੋਲੰਬੀਆ ਵਿਚ ਕੋਈ ਕਾਰੋਬਾਰ ਸ਼ੁਰੂ ਕਰ ਰਹੇ ਹੋ ਜਾਂ ਪਹਿਲਾਂ ਹੀ ਕਾਰੋਬਾਰ ਚਲਾ ਰਹੇ ਹੋ, ਇਹ ਗਾਈਡ ਬ੍ਰਿਟਿਸ਼ ਕੋਲੰਬੀਆ ਦੇ ਟੈਕਸ ਕਾਨੂੰਨਾਂ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਅਤੇ ਅਧਿਕਾਰਾਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰੇਗੀ – ਕਿਰਪਾ ਕਰਕੇ ਇਸ ਨੂੰ ਨੇੜੇ ਰੱਖੋ।*

*ਇਸ ਗਾਈਡ ਵਿਚਲੀ ਜਾਣਕਾਰੀ ਉਪਰ ਲਿਖੀ ਤਰੀਕ ਤੱਕ ਦੀ ਹੈ। ਗਾਈਡ ਦੀਆਂ ਤਾਜ਼ਾ ਜਾਣਕਾਰੀ ਵਾਲੀਆਂ ਕਾਪੀਆਂ ਲੈਣ ਲਈ, ਜਾਂ ਤਾਜ਼ਾ ਜਾਣਕਾਰੀ ਈਮੇਲ ਰਾਹੀਂ ਲੈਂਦੇ ਰਹਿਣ ਲਈ ਨਾਂ ਦਰਜ ਕਰਵਾਉਣ ਲਈ, ਕਿਰਪਾ ਕਰਕੇ www.sbr.gov.bc.ca ਵੈੱਬਸਾਈਟ ਦੇਖੋ ਜਾਂ 1 877 388-4440 'ਤੇ ਫੋਨ ਕਰੋ।*

*ਬ੍ਰਿਟਿਸ਼ ਕੋਲੰਬੀਆ ਭਰ ਵਿਚ, ਤੁਹਾਡੇ ਵਰਗੇ 370,000 ਤੋਂ ਵੀ ਜ਼ਿਆਦਾ ਕਾਰੋਬਾਰ ਸਾਡੀ ਆਰਥਿਕਤਾ ਨੂੰ ਚਲਦਾ ਰੱਖਣ ਵਿਚ ਮਦਦ ਕਰਦੇ ਹਨ ਅਤੇ ਆਮਦਨ ਦਾ ਸਾਧਨ ਬਣਦੇ ਹਨ ਜਿਸ ਨਾਲ ਸਾਡੇ ਹਸਪਤਾਲਾਂ, ਸਕੂਲਾਂ ਅਤੇ ਕਮਿਊਨਟੀਆਂ ਵਿਚ ਜ਼ਰੂਰੀ ਸਰਕਾਰੀ ਸੇਵਾਵਾਂ ਨੂੰ ਫੰਡ ਮਿਲਦੇ ਹਨ –ਜੋ ਕਿ ਬ੍ਰਿਟਿਸ਼ ਕੋਲੰਬੀਆ ਨੂੰ ਰਹਿਣ, ਕੰਮ ਕਰਨ ਅਤੇ ਪੂੰਜੀ ਨਿਵੇਸ਼ ਕਰਨ ਵਜੋਂ ਇਕ ਮਨਪਸੰਦ ਥਾਂ ਬਣਾਉਣ ਦਾ ਆਧਾਰ ਹਨ।*

## ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ

ਮਨਿਸਟਰੀ ਆਫ ਸਮਾਲ ਬਿਜ਼ਨਸ ਐਂਡ ਰੈਵੇਨਿਊ (ਛੋਟੇ ਕਾਰੋਬਾਰਾਂ ਅਤੇ ਸਰਕਾਰੀ ਆਮਦਨ ਦੇ ਮਹਿਕਮੇ) ਵਿਖੇ ਅਸੀਂ ਤੁਹਾਨੂੰ ਵੱਧ ਤੋਂ ਵੱਧ ਉੱਤਮ ਪੱਧਰ ਦੀ ਗਾਹਕ ਸੇਵਾ ਦੇਣ ਲਈ ਵਚਨਬੱਧ ਹਾਂ। ***ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ*** (ਟੈਕਸ ਦੇਣ ਵਾਲਿਆਂ ਪ੍ਰਤੀ ਨਿਰਪੱਖਤਾ ਅਤੇ ਸਰਵਿਸ ਕੋਡ), ਨਿਰਪੱਖਤਾ ਅਤੇ ਸਰਵਿਸ ਦੇ ਉਨ੍ਹਾਂ ਸਿਧਾਂਤਾਂ ਬਾਰੇ ਦੱਸਦੀ ਹੈ ਜਿਨ੍ਹਾਂ ਦੀ ਪਾਲਣਾ ਅਸੀਂ ਤੁਹਾਡੇ ਨਾਲ ਵਰਤਣ ਵੇਲੇ ਕਰਦੇ ਹਾਂ। ਇਸ ਕੋਡ ਦਾ ਮੰਤਵ:

- ਇਹ ਯਕੀਨੀ ਬਣਾਉਣਾ ਹੈ ਕਿ ਤੁਸੀਂ ਮਨਿਸਟਰੀ ਅਤੇ ਇਸ ਦੇ ਸਟਾਫ ਨਾਲ ਵਰਤਣ ਵੇਲੇ ਆਪਣੇ ਹੱਕਾਂ ਤੋਂ ਜਾਣੂ ਹੋਵੋ
- ਉਨ੍ਹਾਂ ਮਿਆਰਾਂ ਅਤੇ ਵਰਤਾਉ ਦੀ ਰੂਪ ਰੇਖਾ ਦੱਸਣਾ ਹੈ ਜਿਨ੍ਹਾਂ ਦੀ ਤੁਸੀਂ ਮਨਿਸਟਰੀ ਦੇ ਸਟਾਫ ਤੋਂ ਉਮੀਦ ਰੱਖ ਸਕਦੇ ਹੋ, ਅਤੇ
- ਤੁਹਾਡੇ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ – ਅਜਿਹੇ ਸਬੰਧ ਜੋ ਆਪਸੀ ਆਦਰ, ਨਿਰਪੱਖਤਾ ਅਤੇ ਸਹਿਯੋਗ 'ਤੇ ਆਧਾਰਿਤ ਹੋਣ; ਰਲ ਕੇ ਕੰਮ ਕਰਨ ਦੀ ਸਾਂਝੀਦਾਰੀ।

**ਇਸ ਕੋਡ ਦੀਆਂ ਕਾਪੀਆਂ ਮਨਿਸਟਰੀ ਦੇ ਸਥਾਨਾਂ ਅਤੇ www.sbr.gov.bc.ca/msbr/tfsc/tfsc.htm ਵੈੱਬਸਾਈਟ ਤੋਂ ਮਿਲ ਸਕਦੀਆਂ ਹਨ, ਜਾਂ ਟੈਕਸਪੇਅਰ ਸਰਵਿਸਿਜ਼ ਇਨਫਰਮੇਸ਼ਨ ਲਾਈਨ ਨੂੰ 1 877 388-4440'ਤੇ ਫੋਨ ਕਰਕੇ ਲਈਆਂ ਜਾ ਸਕਦੀਆਂ ਹਨ।**

*ਇਹ ਗਾਈਡ ਕਾਨੂੰਨ ਨੂੰ ਸਮਝਣ ਵਿਚ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਆਪਣੀ ਹਾਲਤ 'ਤੇ ਕਾਨੂੰਨ ਨੂੰ ਲਾਗੂ ਕਰਨ ਵੇਲੇ, ਕਾਨੂੰਨ ਦੀਆਂ ਢੁਕਵੀਆਂ ਧਾਰਾਵਾਂ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਗਾਈਡ ਵਿਚਲੀ ਜਾਣਕਾਰੀ ਭਾਵੇਂ ਕਾਨੂੰਨੀ ਤਾਕਤ ਨਹੀਂ ਰੱਖਦੀ, ਪਰ ਗਾਈਡਾਂ 'ਤੇ ਆਮ ਤੌਰ 'ਤੇ ਇਹ ਦੱਸਣ ਲਈ ਭਰੋਸਾ ਕੀਤਾ ਜਾ ਸਕਦਾ ਹੈ ਕਿ ਗਾਈਡ ਦੇ ਛਪਣ ਵੇਲੇ ਮਨਿਸਟਰੀ ਟੈਕਸ ਦੇ ਨਿਯਮ ਕਿਵੇਂ ਲਾਗੂ ਕਰ ਰਹੀ ਹੈ। ਪਰ ਜੇ ਗਾਈਡ ਅਤੇ ਕਾਨੂੰਨ ਵਿਚਕਾਰ ਕੋਈ ਮਤਭੇਦ ਹੋਵੇ ਤਾਂ ਕਾਨੂੰਨ ਲਾਗੂ ਹੁੰਦਾ ਹੈ।*

*ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਵੇ ਤਾਂ ਕਿਰਪਾ ਕਰਕੇ ਟੈਕਸਪੇਅਰ ਸਰਵਿਸਿਜ਼ ਨਾਲ 604-660-4524'ਤੇ ਸੰਪਰਕ ਕਰੋ ਜਾਂ ਟੋਲ ਫਰੀ 1-877-388-4440 'ਤੇ ਫੋਨ ਕਰੋ ਜਾਂ CTBTaxQuestions@gov.bc.ca 'ਤੇ ਈਮੇਲ ਕਰੋ।*

# ਵਿਸ਼ਾ-ਸੂਚੀ


**ਇਸ ਗਾਈਡ ਬਾਰੇ . . . . . . . . . . . . . . . . . . . . . . . . . . 1**
ਇਹ ਗਾਈਡ ਕਿਸ ਨੂੰ ਪੜ੍ਹਨੀ ਚਾਹੀਦੀ ਹੈ? . . . . . . . . . . . . . . . . . 1
**ਸਾਡੇ ਨਾਲ ਸੰਪਰਕ ਕਰੋ . . . . . . . . . . . . . . . . . . . . . . . . 1**
ਟੈਕਸਪੇਅਰ ਸਰਵਿਸਿਜ਼ ਇਨਫਰਮੇਸ਼ਨ ਲਾਈਨ . . . . . . . . . . . . 1
ਸਾਨੂੰ ਲਿਖੋ ਜਾਂ ਆਪ ਆਉ . . . . . . . . . . . . . . . . . . . . . . . . 1
ਇੰਟਰਨੈੱਟ 'ਤੇ ਸੇਵਾਵਾਂ . . . . . . . . . . . . . . . . . . . . . . . . . . 1
ਆਪਣੇ ਆਪ ਨਵੀਂ ਜਾਣਕਾਰੀ ਮਿਲਣ ਦੀ ਸਰਵਿਸ . . . . . . . . . . . 2
**ਟੈਕਸ ਨਿਰਣੇ – ਇਹ ਲਿਖਤੀ ਰੂਪ ਵਿਚ ਲਵੋ** . . . . . . . . . . . . . 2
ਟੈਕਸ ਸੈਮੀਨਾਰ . . . . . . . . . . . . . . . . . . . . . . . . . . . . . . 2
ਹੋਰ ਪ੍ਰੋਗਰਾਮ ਅਤੇ ਸੇਵਾਵਾਂ . . . . . . . . . . . . . . . . . . . . . . . 2
**ਪੀ ਐੱਸ ਟੀ ਕੀ ਹੈ? . . . . . . . . . . . . . . . . . . . . . . . . . . . 2**
**ਟੈਕਸ ਲੱਗਣ ਯੋਗ ਕੀ ਹੈ? . . . . . . . . . . . . . . . . . . . . . . . 2**
ਆਮ ਮਾਲ (ਠੋਸ ਨਿੱਜੀ ਪ੍ਰਾਪਰਟੀ) . . . . . . . . . . . . . . . . . . . . 2
ਟੈਕਸ ਲੱਗਣ ਯੋਗ ਸੇਵਾਵਾਂ . . . . . . . . . . . . . . . . . . . . . . . . 3
ਕਾਨੂੰਨੀ ਸੇਵਾਵਾਂ, ਪਾਰਕਿੰਗ ਦੇ ਹੱਕ ਅਤੇ ਟੈਲੀਕਮਿਉਨੀਕੇਸ਼ਨ ਸੇਵਾਵਾਂ . . . . . . 3
**ਹੋਰ ਟੈਕਸ ਅਤੇ ਮਸੂਲ . . . . . . . . . . . . . . . . . . . . . . . . . 4**
ਮੁਸਾਫਰ-ਗੱਡੀਆਂ ਦੀ ਕਿਰਾਏਦਾਰੀ 'ਤੇ ਟੈਕਸ . . . . . . . . . . . . . . 4
ਵਾਤਾਵਰਣ ਲਈ ਮਸੂਲ . . . . . . . . . . . . . . . . . . . . . . . . . . 4
**ਕੀ ਟੈਕਸ ਲੱਗਣ ਯੋਗ ਨਹੀਂ ਹੈ? . . . . . . . . . . . . . . . . . . . 4**
ਟੈਕਸ ਮੁਕਤ ਚੀਜ਼ਾਂ . . . . . . . . . . . . . . . . . . . . . . . . . . . . 4
ਟੈਕਸ ਮੁਕਤ ਸੇਵਾਵਾਂ . . . . . . . . . . . . . . . . . . . . . . . . . . . 5
ਆਮ ਛੋਟਾਂ . . . . . . . . . . . . . . . . . . . . . . . . . . . . . . . . 5
ਜ਼ਮੀਨੀ-ਜਾਇਦਾਦ . . . . . . . . . . . . . . . . . . . . . . . . . . . . 7
**ਪੀ ਐੱਸ ਟੀ ਲਈ ਰਜਿਸਟਰੇਸ਼ਨ . . . . . . . . . . . . . . . . . . . . 8**
ਕੀ ਮੈਨੂੰ ਵੈਂਡਰ (ਮਾਲ ਵੇਚਣ ਵਾਲੇ) ਵਜੋਂ ਰਜਿਸਟਰ ਹੋਣ ਦੀ ਲੋੜ ਹੈ? . . . . . . 8
ਕਿਸ ਨੂੰ ਰਜਿਸਟਰ ਹੋਣ ਦੀ ਲੋੜ ਨਹੀਂ ਹੈ? . . . . . . . . . . . . . . . . 8
ਜੇ ਮੇਰੀ ਵਿਕਰੀ ਥੋੜ੍ਹੀ ਜਿਹੀ ਹੋਵੇ ਤਾਂ ਕੀ ਮੈਨੂੰ ਫਿਰ ਵੀ ਰਜਿਸਟਰ ਹੋਣ ਦੀ ਲੋੜ ਹੈ? . . . . . . . . . . . . . . . . . . . . . . . . . . . . . 8
ਪੀ ਐੱਸ ਟੀ ਲਈ ਰਜਿਸਟਰ ਹੋਣ ਅਤੇ ਇਕੱਠਾ ਕਰਨ ਦੇ ਮੈਨੂੰ ਕੀ ਫਾਇਦੇ ਹਨ? . . . . . . . . . . . . . . . . . . . . . . . . . . . . . 8
ਮੈਂ ਮਾਲ ਵੇਚਣ ਵਾਲੇ ਵਜੋਂ ਰਜਿਸਟਰ ਕਿਵੇਂ ਹੋਵਾਂ? . . . . . . . . . . . . 9
ਰਜਿਸਟਰ ਹੋਣ ਲਈ ਮੈਨੂੰ ਕਿਹੜੀ ਜਾਣਕਾਰੀ ਦੀ ਲੋੜ ਹੈ? . . . . . . . . . . 9
ਮੇਰੇ ਅਪਲਾਈ ਕਰਨ ਤੋਂ ਬਾਅਦ ਕੀ ਹੁੰਦਾ ਹੈ? . . . . . . . . . . . . . . . 10
ਮੈਂ ਆਪਣਾ ਰਜਿਸਟਰੇਸ਼ਨ ਅਕਾਊਂਟ ਕਿਵੇਂ ਬਦਲਾਂ ਜਾਂ ਬੰਦ ਕਰਾਂ? . . . . . . . 10
ਜੇ ਮੈਂ ਕਾਰੋਬਾਰ ਖਰੀਦਾਂ ਜਾਂ ਵੇਚਾਂ ਤਾਂ ਕੀ ਹੋਵੇਗਾ? . . . . . . . . . . . . 11
**ਅਣਰਜਿਸਟਰ ਕਾਰੋਬਾਰਾਂ ਲਈ ਸ਼ਰਤਾਂ . . . . . . . . . . . . . . . . . 11**
ਟੈਕਸ ਇਕੱਠਾ ਕਰਨਾ ਅਤੇ ਭੇਜਣਾ . . . . . . . . . . . . . . . . . . . . 11
**ਪੀ ਐੱਸ ਟੀ ਦੇਣਾ . . . . . . . . . . . . . . . . . . . . . . . . . . 12**
ਕਿਹੜੀਆਂ ਚੀਜ਼ਾਂ ਅਤੇ ਸੇਵਾਵਾਂ 'ਤੇ ਮੈਂ ਪੀ ਐੱਸ ਟੀ ਦੇਣਾ ਹੈ? . . . . . . . . . 12
ਕੀ ਕਾਰੋਬਾਰ ਵਿਚ ਵਰਤੀਆਂ ਗਈਆਂ ਚੀਜ਼ਾਂ ਲਈ, ਜੀ ਐੱਸ ਟੀ ਵਾਂਗ ਹੀ, ਪੀ ਐੱਸ ਟੀ ਲਈ ਵੀ ਕੋਈ ਇਨਪੁੱਟ ਟੈਕਸ ਕਰੈਡਿਟ ਹਨ? . . . . . 13
**ਪੀ ਐੱਸ ਟੀ ਚਾਰਜ ਕਰਨਾ ਅਤੇ ਇਕੱਠਾ ਕਰਨਾ . . . . . . . . . . . . . . 13**
ਪੀ ਐੱਸ ਟੀ ਦਾ ਰੇਟ ਕੀ ਹੈ? . . . . . . . . . . . . . . . . . . . . . . . 13
ਮੈਂ ਪੀ ਐੱਸ ਟੀ ਕਦੋਂ ਲੈਣਾ ਹੈ? . . . . . . . . . . . . . . . . . . . . . . 13
ਕੀ ਮੈਨੂੰ ਫੈਡਰਲ ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਜੀ ਐੱਸ ਟੀ) ਉੱਪਰ ਪੀ ਐੱਸ ਟੀ ਲੈਣ ਦੀ ਲੋੜ ਹੈ? . . . . . . . . . . . . . . . . . . . . . . 14
ਕੀ ਮੈਂ ਗੈਰ-ਵਸਨੀਕਾਂ ਜਾਂ ਸੂਬੇ ਤੋਂ ਬਾਹਰਲੇ ਗਾਹਕਾਂ ਨੂੰ ਵਿਕਰੀ ਕਰਨ 'ਤੇ ਪੀ ਐੱਸ ਟੀ ਲੈਣੀ ਹੈ? . . . . . . . . . . . . . . . . . . . . . . 14
ਕੀ ਮੈਂ ਕੈਨੇਡਾ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੂੰ ਕੀਤੀਆਂ ਗਈਆਂ ਵਿਕਰੀਆਂ 'ਤੇ ਪੀ ਐੱਸ ਟੀ ਲੈਣਾ ਹੈ? . . . . . . . . . . . . . . . 14

**ਪੀ ਐੱਸ ਟੀ ਬਾਰੇ ਦੱਸਣਾ ਅਤੇ ਜਮ੍ਹਾਂ ਕਰਵਾਉਣਾ . . . . . . . . . . . . . . . 15**
ਮੈਨੂੰ ਟੈਕਸ ਰੀਟਰਨ ਫਾਰਮ ਕਿੰਨੇ ਸਮੇਂ ਬਾਅਦ ਮਿਲਦੇ ਹਨ? . . . . . . . . . . 15
ਮੈਨੂੰ ਆਪਣਾ ਟੈਕਸ ਰੀਟਰਨ ਫਾਰਮ ਕਦੋਂ ਮਿਲਦਾ ਹੈ?. . . . . . . . . . . . . 15
ਮੈਂ ਆਪਣੀ ਟੈਕਸ ਰੀਟਰਨ ਕਿਵੇਂ ਮੁਕੰਮਲ ਕਰਾਂ? . . . . . . . . . . . . . . . 15
ਮੈਂ ਆਪਣੇ ਕਮਿਸ਼ਨ ਦਾ ਹਿਸਾਬ ਕਿਵੇਂ ਲਾਉਣਾ ਹੈ? . . . . . . . . . . . . . . 15
ਪਰ ਜੇ ਮੇਰੀ ਕੋਈ ਵਿਕਰੀ ਨਾ ਹੋਈ ਹੋਵੇ ਜਾਂ ਪੀ ਐੱਸ ਟੀ ਰਿਪੋਰਟ ਕਰਨ ਵਾਲਾ ਨਾ ਹੋਵੇ ਤਾਂ ਕੀ ਹੋਵੇਗਾ? . . . . . . . . . . . . . . . . . . . . . . 15
ਮੇਰੀ ਟੈਕਸ ਰੀਟਰਨ ਕਦੋਂ ਭੇਜੀ ਜਾਣੀ ਜ਼ਰੂਰੀ ਹੈ? . . . . . . . . . . . . . . . 16
ਜੇ ਮੇਰੀ ਟੈਕਸ ਰੀਟਰਨ ਲੇਟ ਹੋ ਜਾਵੇ ਤਾਂ ਕੀ ਹੋਵੇਗਾ? . . . . . . . . . . . . . 16
ਜੇ ਮੈਨੂੰ ਆਪਣੀ ਟੈਕਸ ਰੀਟਰਨ ਸਮੇਂ ਸਿਰ ਨਾ ਮਿਲੇ ਤਾਂ ਕੀ ਹੋਵੇਗਾ?. . . . . . 16
ਮੈਂ ਆਪਣੀ ਟੈਕਸ ਰੀਟਰਨ ਕਿੱਥੇ ਫਾਇਲ ਕਰਾਂ?. . . . . . . . . . . . . . . . . 17

**ਪੈਸਿਆਂ ਦੀ ਵਾਪਸੀ . . . . . . . . . . . . . . . . . . . . . . . . . . . . 17**
ਕੀ ਮੈਂ ਪੀ ਐੱਸ ਟੀ ਦੀ ਵਾਪਸੀ ਦਾ ਕਲੇਮ ਕਰ ਸਕਦਾ/ਸਕਦੀ ਹਾਂ? . . . . . . 17
ਕੀ ਮੈਂ ਆਪਣੇ ਗਾਹਕਾਂ ਨੂੰ ਪੀ ਐੱਸ ਟੀ ਵਾਪਸ ਕਰ ਸਕਦਾ/ਸਕਦੀ ਹਾਂ? . . . . 17

**ਖਾਤੇ ਅਤੇ ਰਿਕਾਰਡ . . . . . . . . . . . . . . . . . . . . . . . . . . . . 18**
ਮੈਨੂੰ ਕਿਹੜੇ ਰਿਕਾਰਡ ਰੱਖਣੇ ਚਾਹੀਦੇ ਹਨ? . . . . . . . . . . . . . . . . . . . 18
ਮੈਨੂੰ ਰਿਕਾਰਡ ਕਿੰਨੇ ਸਮੇਂ ਲਈ ਰੱਖਣ ਦੀ ਲੋੜ ਹੈ?. . . . . . . . . . . . . . . 18

**ਆਡਿਟਸ . . . . . . . . . . . . . . . . . . . . . . . . . . . . . . . . . 19**
ਆਡਿਟ ਕੀ ਹੈ? . . . . . . . . . . . . . . . . . . . . . . . . . . . . . . . 19
ਮੈਨੂੰ ਆਡਿਟ ਕਿਉਂ ਕੀਤਾ ਜਾ ਰਿਹਾ ਹੈ? . . . . . . . . . . . . . . . . . . . 19
ਕੀ ਟੈਕਸ ਦੇਣ ਵਾਲੇ ਸਾਰੇ ਲੋਕਾਂ ਨੂੰ ਆਡਿਟ ਕੀਤਾ ਜਾਂਦਾ ਹੈ? . . . . . . . . . . 19
ਆਡੀਟਰ ਕੀ ਲੱਭ ਰਿਹਾ ਹੁੰਦਾ ਹੈ? . . . . . . . . . . . . . . . . . . . . . . 19
ਆਡਿਟ ਤੋਂ ਬਾਅਦ ਕੀ ਹੁੰਦਾ ਹੈ? . . . . . . . . . . . . . . . . . . . . . . . 20

**ਵਿਆਜ ਅਤੇ ਜੁਰਮਾਨੇ . . . . . . . . . . . . . . . . . . . . . . . . . . . 20**
ਵਿਆਜ . . . . . . . . . . . . . . . . . . . . . . . . . . . . . . . . . . 20
ਜੁਰਮਾਨੇ . . . . . . . . . . . . . . . . . . . . . . . . . . . . . . . . . 21

**ਟੈਕਸ ਅਸੈੱਸਮੈਂਟਾਂ ਜਾਂ ਪੈਸੇ ਮੋੜਨ ਤੋਂ ਨਾਂਹ ਕੀਤੇ ਜਾਣ ਬਾਰੇ ਅਪੀਲਾਂ . . . 21**
ਮੇਰੇ ਕੀ ਹੱਕ ਹਨ? . . . . . . . . . . . . . . . . . . . . . . . . . . . . . 21
ਮੰਤਰੀ ਕੋਲ ਅਪੀਲਾਂ . . . . . . . . . . . . . . . . . . . . . . . . . . . . 21

**ਟੈਕਸ ਦੇਣਦਾਰੀਆਂ ਬਾਰੇ ਆਪਣੇ ਆਪ ਦੱਸਣਾ. . . . . . . . . . . . . . . . 22**

**ਮਨਿਸਟਰੀ ਦੇ ਹੋਰ ਪ੍ਰੋਗਰਾਮ ਜਿਹੜੇ ਤੁਹਾਡੇ ਕਾਰੋਬਾਰ ’ਤੇ ਅਸਰ ਪਾ ਸਕਦੇ ਹਨ . . . . . . . . . . . . . . . . . . . . . . . 22**
ਇਨਕਮ ਟੈਕਸ . . . . . . . . . . . . . . . . . . . . . . . . . . . . . . . 22
ਇਨਕਮ ਟੈਕਸ ਕਰੈਡਿਟਸ. . . . . . . . . . . . . . . . . . . . . . . . . . 22
ਪ੍ਰਾਪਰਟੀ ਟੈਕਸ. . . . . . . . . . . . . . . . . . . . . . . . . . . . . . 23

**ਛੋਟੇ ਕਾਰੋਬਾਰਾਂ ਲਈ ਜਾਣਕਾਰੀ ਦੇ ਹੋਰ ਸ੍ਰੋਤ . . . . . . . . . . . . . . . . 23**

# ਇਸ ਗਾਈਡ ਬਾਰੇ

## ਇਹ ਗਾਈਡ ਕਿਸ ਨੂੰ ਪੜ੍ਹਣੀ ਚਾਹੀਦੀ ਹੈ?

ਜੇ ਤੁਸੀਂ ਬ੍ਰਿਟਿਸ਼ ਕੋਲੰਬੀਆ ਵਿਚ ਕਾਰੋਬਾਰ (ਬਿਜ਼ਨਸ) ਸ਼ੁਰੂ ਕਰ ਰਹੇ ਹੋ ਜਾਂ ਪਹਿਲਾਂ ਹੀ ਕਾਰੋਬਾਰ ਚਲਾ ਰਹੇ ਹੋ ਤਾਂ ਤੁਹਾਨੂੰ ਇਹ ਗਾਈਡ ਪੜ੍ਹਣੀ ਚਾਹੀਦੀ ਹੈ। ਇਹ ਗਾਈਡ ਬ੍ਰਿਟਿਸ਼ ਕੋਲੰਬੀਆ ਦੇ ਸੋਸ਼ਲ ਸਰਵਿਸ ਟੈਕਸ ਦੇ ਮੂਲ ਤੱਤਾਂ ਬਾਰੇ ਦੱਸਦੀ ਹੈ ਜਿਸ ਨੂੰ ਪ੍ਰੋਵਿੰਸ਼ੀਅਲ ਸੇਲਜ਼ ਟੈਕਸ (ਪੀ ਐੱਸ ਟੀ) ਵੀ ਆਖਿਆ ਜਾਂਦਾ ਹੈ, ਜੋ ਕਿ ਸੋਸ਼ਲ ਸਰਵਿਸ ਟੈਕਸ ਐਕਟ ਅਧੀਨ ਲਾਗੂ ਕੀਤਾ ਜਾਂਦਾ ਹੈ। ਸਾਡਾ ਟੀਚਾ, ਆਪਣੀਆਂ ਟੈਕਸ ਜ਼ਿੰਮੇਵਾਰੀਆਂ ਅਤੇ ਹੱਕਾਂ ਬਾਰੇ ਜਾਣਨ ਵਿਚ ਤੁਹਾਡੀ ਮਦਦ ਕਰਨਾ ਹੈ ਤਾਂ ਜੋ ਤੁਸੀਂ ਅਸੈੱਸਮੈਂਟਾਂ ਅਤੇ ਜੁਰਮਾਨਿਆਂ ਤੋਂ ਬਚ ਸਕੋ ਅਤੇ ਉਹ ਬੈਨੇਫਿਟਸ (ਫਾਇਦੇ) ਲੈ ਸਕੋ ਜਿਨ੍ਹਾਂ ਦੇ ਤੁਸੀਂ ਬ੍ਰਿਟਿਸ਼ ਕੋਲੰਬੀਆ ਦੇ ਟੈਕਸ ਕਾਨੂੰਨਾਂ ਅਧੀਨ ਹੱਕਦਾਰ ਹੋ। ਇਹ ਗਾਈਡ ਤੁਹਾਡੇ ਲਈ ਉਦੋਂ ਵਰਤਣ ਲਈ ਹੈ ਜਦੋਂ ਤੁਹਾਡੇ ਮਨ ਵਿਚ ਪੀ ਐੱਸ ਟੀ ਬਾਰੇ ਸਵਾਲ ਹੋਣ।

ਪੀ ਐੱਸ ਟੀ ਕਾਨੂੰਨ ਅਤੇ ਨਿਯਮਾਂ ਵਿਚ ਕੋਈ ਵੀ ਤਬਦੀਲੀਆਂ ਹਰ ਫਰਵਰੀ ਦੇ ਸੂਬਾਈ ਬੱਜਟ ਵਿਚ ਕੀਤੀਆਂ ਜਾਂਦੀਆਂ ਹਨ। ਤੁਸੀਂ ਆਟੋਮੈਟਿਕ ਅਪਡੇਟ ਸਰਵਿਸ ਕੋਲ ਜਾਂ **ਬੱਜਟ ਬੁਲੇਟਿਨ** ਲਈ ਆਪਣਾ ਨਾਂ ਲਿਖਾ ਕੇ ਨਵੀਂ ਜਾਣਕਾਰੀ ਲੈਂਦੇ ਰਹਿ ਸਕਦੇ ਹੋ। (ਹੇਠਾਂ **ਆਟੋਮੈਟਿਕ ਅਪਡੇਟ ਸਰਵਿਸ** ਦੇਖੋ)। ਤੁਸੀਂ *ਸੋਸ਼ਲ ਸਰਵਿਸ ਟੈਕਸ ਐਕਟ* ਅਤੇ ਨਿਯਮਾਂ ਬਾਰੇ ਜਾਣਕਾਰੀ **www.sbr.gov.bc.ca/business /Consumer_Taxes/Provincial_Sales_Tax/legislation.htm** ਵੈੱਬਸਾਈਟ ਤੋਂ ਵੀ ਲੈ ਸਕਦੇ ਹੋ।

**ਕਿਰਪਾ ਕਰਕੇ ਨੋਟ ਕਰੋ:** ਪੀ ਐੱਸ ਟੀ ਫੈਡਰਲ ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਜੀ ਐੱਸ ਟੀ) ਨਾਲੋਂ ਵੱਖਰੀ ਹੈ। ਜੀ ਐੱਸ ਟੀ ਲਈ ਰਜਿਸਟਰ ਹੋਣ ਲਈ ਕਿਰਪਾ ਕਰਕੇ ਕੈਨੇਡਾ ਰੈਵੇਨਿਊ ਏਜੰਸੀ ਨਾਲ 1 800 959-5525 ’ਤੇ ਸੰਪਰਕ ਕਰੋ ਜਾਂ **www.cra-arc.gc.ca** ਵੈੱਬਸਾਈਟ ਦੇਖੋ।

# ਸਾਡੇ ਨਾਲ ਸੰਪਰਕ ਕਰੋ

ਅਸੀਂ ਤੁਹਾਡੇ ਮਦਦ ਲੈਣ ਦੇ ਹੱਕ ਅਤੇ ਸਾਡੇ ਤੱਕ ਪਹੁੰਚ ਕਰਨ ਦੇ ਉੱਚੇ ਮਿਆਰਾਂ ਨੂੰ ਕਾਇਮ ਰੱਖਣ ਅਤੇ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਤੁਹਾਡੇ ਨਾਲ ਨਿਮਰਤਾ ਅਤੇ ਆਦਰ ਨਾਲ ਵਰਤਿਆ ਜਾਵੇ ਜਿਵੇਂ ਕਿ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ* ਵਿਚ ਦੱਸਿਆ ਗਿਆ ਹੈ।

## ਟੈਕਸਪੇਅਰ ਸਰਵਿਸਿਜ਼ ਇਨਫਰਮੇਸ਼ਨ ਲਾਈਨ

ਆਪਣੇ ਪੀ ਐੱਸ ਟੀ ਨਾਲ ਸੰਬੰਧਿਤ ਸਵਾਲਾਂ ਲਈ ਸਾਨੂੰ ਫੋਨ ਕਰੋ। ਅਸੀਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ ਖੁਲ੍ਹੇ ਹੁੰਦੇ ਹਾਂ।
ਵੈਨਕੂਵਰ ਦੇ ਇਲਾਕੇ ਵਿਚ: 604 660-4524 (ਫੈਕਸ: 604 660-1104)
ਕੈਨੇਡਾ ਵਿਚ ਟੋਲ-ਫਰੀ 1 877 388-4440

## ਸਾਨੂੰ ਲਿਖੋ ਜਾਂ ਆਪ ਆਉ

*Ministry of Small Business and Revenue*
1802 Douglas Street, Victoria BC V8T 4K6

*Ministry of Small Business and Revenue*
Suite 800 - 360 West Georgia Street, Vancouver BC V6B 6B2

## ਇੰਟਰਨੈੱਟ ’ਤੇ ਸੇਵਾਵਾਂ

ਸਾਡੇ ਸਾਰੇ ਬੁਲੇਟਿਨ, ਬਰੋਸ਼ਰ, ਨੋਟਿਸ, ਫਾਰਮ ਅਤੇ ਟੈਕਸ ਬਾਰੇ ਹੋਰ ਜਾਣਕਾਰੀ ਸਾਡੇ ਵੈੱਬਸਾਈਟ **www.sbr.gov.bc.ca** ’ਤੇ ਮੌਜੂਦ ਹੈ।

### ਆਪਣੇ ਆਪ ਨਵੀਂ ਜਾਣਕਾਰੀ ਮਿਲਣ ਦੀ ਸਰਵਿਸ
ਸਾਡੇ ਵੈੱਬਸਾਈਟ 'ਤੇ ਜਾ ਕੇ ਸਾਡੀ ਆਪਣੇ ਆਪ ਨਵੀਂ ਜਾਣਕਾਰੀ ਮਿਲਣ ਦੀ ਸਰਵਿਸ (ਆਟੋਮੈਟਿਕ ਅਪਡੇਟ ਸਰਵਿਸ) ਲਈ ਨਾਂ ਦਰਜ ਕਰਵਾਉ। ਵੈੱਬਸਾਈਟ ਉਪਰਲੀ ਕਿਸੇ ਜਾਣਕਾਰੀ ਦੇ ਬਦਲਣ 'ਤੇ ਤੁਹਾਨੂੰ ਫੌਰਨ ਨਵੀਂ ਜਾਣਕਾਰੀ ਮਿਲ ਸਕਦੀ ਹੈ, ਜਾਂ ਤੁਸੀਂ ਉਹ ਬੁਲੇਟਿਨ ਜਾਂ ਬਰੋਸ਼ਰ ਚੁਣ ਸਕਦੇ ਹੋ ਜਿਨ੍ਹਾਂ 'ਤੇ ਤੁਸੀਂ ਨਜ਼ਰ ਰੱਖਣੀ ਚਾਹੁੰਦੇ ਹੋ। ਇਹ ਸੁਖਾਲਾ ਹੈ ਅਤੇ ਆਪਣੀਆਂ ਚੋਣਾਂ ਵਿਚ ਤਬਦੀਲੀ ਕਰਨਾ ਜਾਂ ਨਵੀਂ ਜਾਣਕਾਰੀ ਲੈਣਾ ਬੰਦ ਕਰਨਾ ਆਸਾਨ ਹੈ। ਇਹ ਤੁਹਾਡੀ ਮਰਜ਼ੀ ਹੈ! **www.sbr.gov.bc.ca/business.html** ਵੈੱਬਸਾਈਟ 'ਤੇ ਜਾਉ ਅਤੇ Customer Services ਹੇਠ Subscribe to Updates 'ਤੇ ਕਲਿੱਕ ਕਰੋ।

> ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਤੁਹਾਨੂੰ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ* ਵਿਚ ਦੱਸੇ ਮੁਤਾਬਕ ਮੁਕੰਮਲ, ਸਹੀ, ਸਪਸ਼ਟ ਅਤੇ ਸਮੇਂ ਸਿਰ ਜਾਣਕਾਰੀ ਮਿਲ ਰਹੀ ਹੈ।

### ਟੈਕਸ ਨਿਰਣੇ – ਇਹ ਲਿਖਤੀ ਰੂਪ ਵਿਚ ਲਵੋ
ਜੇ ਤੁਹਾਡੇ ਟੈਕਸ ਨਾਲ ਸੰਬੰਧਿਤ ਸਵਾਲ ਗੁੰਝਲਦਾਰ ਹਨ ਜਾਂ ਜੇ ਤੁਹਾਨੂੰ ਆਪਣੀ ਹਾਲਤ ਨਾਲ ਸੰਬੰਧਿਤ ਜਾਣਕਾਰੀ ਨਹੀਂ ਲੱਭਦੀ ਤਾਂ ਲਿਖਤੀ ਜਵਾਬ ਲਈ ਸਾਨੂੰ ਲਿਖੋ ਜਾਂ ਈਮੇਲ ਕਰੋ। ਸਾਨੂੰ ਉਸ ਟ੍ਰਾਂਜ਼ੈਕਸ਼ਨ ਜਾਂ ਚੀਜ਼ ਬਾਰੇ ਵੱਧ ਤੋਂ ਵੱਧ ਵੇਰਵਾ ਦਿਉ ਜਿਸ ਬਾਰੇ ਤੁਸੀਂ ਸਵਾਲ ਪੁੱਛ ਰਹੇ ਹੋ। ਕੁਝ ਕੇਸਾਂ ਵਿਚ, ਗ੍ਰਾਫ ਜਾਂ ਤਸਵੀਰਾਂ ਨੂੰ ਸ਼ਾਮਲ ਕਰਨ ਨਾਲ ਤੁਹਾਡੇ ਸਵਾਲ ਨੂੰ ਬਿਹਤਰ ਸਮਝਣ ਵਿਚ ਸਾਡੀ ਮਦਦ ਹੋਵੇਗੀ।

ਸਾਨੂੰ ਸਫਾ 1 'ਤੇ ਦਿੱਤੇ ਗਏ ਐਡਰੈਸ ਉੱਪਰ ਲਿਖੋ ਜਾਂ **CTBTaxQuestions@gov.bc.ca** 'ਤੇ ਈ-ਮੇਲ ਕਰੋ।

ਤੁਸੀਂ ਸਾਡੇ ਤੋਂ ਇਹ ਉਮੀਦ ਕਰ ਸਕਦੇ ਹੋ ਕਿ ਤੁਹਾਡੇ ਸਵਾਲ ਦਾ ਜਵਾਬ ਸਮੇਂ ਸਿਰ ਮਿਲੇ, ਜਿਵੇਂ ਕਿ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ* ਵਿਚ ਦੱਸਿਆ ਗਿਆ ਹੈ।

### ਟੈਕਸ ਸੈਮੀਨਾਰ
ਮਨਿਸਟਰੀ ਆਫ ਸਮਾਲ ਬਿਜ਼ਨਸ ਐਂਡ ਰੈਵੇਨਿਊ ਬ੍ਰਿਟਿਸ਼ ਕੋਲੰਬੀਆ ਭਰ ਵਿਚ ਮੁਫਤ ਟੈਕਸ ਸੈਮੀਨਾਰ ਅਤੇ ਸੈਸ਼ਨ ਲਾਉਂਦੀ ਹੈ। ਇਹ ਸਰਵਸਿ ਕਿਸੇ ਵੀ ਆਕਾਰ ਜਾਂ ਕਿਸਮ ਦੇ ਕਾਰੋਬਾਰ ਦੇ ਟੈਕਸ ਦੇਣ ਵਾਲੇ ਲਈ ਮੌਜੂਦ ਹੈ।

ਜੇ ਤੁਸੀਂ ਇਨ੍ਹਾਂ ਸੈਮੀਨਾਰਾਂ ਵਿੱਚ ਕਿਸੇ ਖਾਸ ਵਿਸ਼ੇ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹੋ, ਇੰਡਸਟਰੀ ਨਾਲ ਸੰਬੰਧਿਤ ਖਾਸ ਜਾਣਕਾਰੀ ਲੈਣਾ ਚਾਹੁੰਦੇ ਹੋ ਜਾਂ ਟੈਕਸ ਦੀ ਕਵਰੇਜ ਬਾਰੇ ਡੂੰਘਿਆਈ ਵਿਚ ਜਾਣਕਾਰੀ ਲੈਣ ਦੀ ਲੋੜ ਮਹਿਸੂਸ ਕਰਦੇ ਹੋ ਤਾਂ ਆਪਣੀਆਂ ਲੋੜਾਂ ਮੁਤਾਬਕ ਸੈਮੀਨਾਰ ਜਾਂ ਸੈਸ਼ਨ ਦਾ ਪ੍ਰਬੰਧ ਕਰਨ ਲਈ ਸਾਡੇ ਨਾਲ ਸੰਪਰਕ ਕਰੋ।
ਇਹ ਦੇਖਣ ਲਈ ਸਾਡੇ ਵੈੱਬਸਾਈਟ 'ਤੇ ਜਾਉ ਕਿ ਕੀ ਤੁਹਾਡੇ ਸ਼ਹਿਰ ਵਿਚ ਕੋਈ ਸੈਮੀਨਾਰ ਹੋ ਰਿਹਾ ਹੈ।
ਫੋਨ: 250 387-6737 (ਫੈਕਸ:250 356-2340)
ਈਮੇਲ: **Taxseminar@gov.bc.ca** ਵੈੱਬਸਾਈਟ: **www.sbr.gov.bc.ca/business.html**

### ਹੋਰ ਪ੍ਰੋਗਰਾਮ ਅਤੇ ਸੇਵਾਵਾਂ
ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਦੇ ਹੋਰ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਲੈਣ ਲਈ ਕਿਰਪਾ ਕਰਕੇ **www.gov.bc.ca** ਵੈੱਬਸਾਈਟ ਦੇਖੋ ਜਾਂ **ਸਰਵਿਸ ਬੀ ਸੀ ਨੂੰ ਮੁਫਤ 1 800 663-7867 'ਤੇ ਫੋਨ ਕਰੋ।**

# ਪੀ ਐੱਸ ਟੀ ਕੀ ਹੈ?
ਪੀ ਐੱਸ ਟੀ ਇਕ ਖਪਤਕਾਰੀ ਟੈਕਸ ਹੈ ਜਿਹੜਾ ਬ੍ਰਿਟਿਸ਼ ਕੋਲੰਬੀਆ ਵਿਚ ਪ੍ਰਚੂਨ ਵਿਕਰੀ ਅਤੇ ਟੈਕਸ ਲੱਗਣ ਯੋਗ ਮਾਲ ਜਾਂ ਸੇਵਾਵਾਂ ਦੀਆਂ ਲੀਜ਼ਾਂ 'ਤੇ ਅਤੇ ਟੈਕਸ ਲੱਗਣ ਯੋਗ ਉਸ ਮਾਲ 'ਤੇ ਲਾਗੂ ਹੁੰਦਾ ਹੈ ਜਿਹੜਾ ਸੂਬੇ ਵਿਚ ਵਰਤੋਂ ਲਈ ਲਿਆਇਆ ਜਾਂਦਾ ਹੈ। ਇਸ ਦਾ ਭਾਵ ਹੈ ਕਿ ਉਹ ਵਿਅਕਤੀ ਜੋ ਬ੍ਰਿਟਿਸ਼ ਕੋਲੰਬੀਆ ਵਿਚ ਟੈਕਸ ਲੱਗਣ ਯੋਗ ਮਾਲ (ਨਵਾਂ ਅਤੇ ਪੁਰਾਣਾ) ਜਾਂ ਸੇਵਾ ਖਰੀਦਦਾ ਜਾਂ ਵਰਤਦਾ ਹੈ, ਉਹ ਪੀ ਐਸ ਟੀ ਦਿੰਦਾ ਹੈ।

# ਟੈਕਸ ਲੱਗਣ ਯੋਗ ਕੀ ਹੈ?

### ਆਮ ਮਾਲ (ਠੋਸ ਨਿੱਜੀ ਪ੍ਰਾਪਰਟੀ)
ਪੀ ਐੱਸ ਟੀ ਬ੍ਰਿਟਿਸ਼ ਕੋਲੰਬੀਆ ਵਿਚ ਪ੍ਰਚੂਨ ਵਿਕਰੀ ਜਾਂ ਠੋਸ ਨਿੱਜੀ ਪ੍ਰਾਪਰਟੀ (ਟੀ ਪੀ ਪੀ) ਦੀ ਲੀਜ਼ ਉੱਪਰ ਲਾਗੂ ਹੁੰਦਾ ਹੈ, ਜੇ ਕੋਈ ਉਚੇਚੀ ਛੋਟ ਨਹੀਂ ਦਿੱਤੀ ਗਈ। ਛੋਟਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਹੇਠਾਂ, **ਕੀ ਟੈਕਸ ਲੱਗਣ ਯੋਗ ਨਹੀਂ ਹੈ?** ਵਾਲਾ ਹਿੱਸਾ ਦੇਖੋ। ਟੀ ਪੀ ਪੀ ਉਹ ਨਿੱਜੀ ਪ੍ਰਾਪਰਟੀ ਹੈ ਜਿਹੜੀ ਤੁਸੀਂ ਦੇਖ ਸਕਦੇ ਹੋ, ਤੋਲ ਸਕਦੇ ਹੋ, ਮਹਿਸੂਸ ਕਰ ਸਕਦੇ ਹੋ ਜਾਂ ਛੂਹ ਸਕਦੇ ਹੋ, ਜਾਂ ਜਿਹੜੀ ਚੀਜ਼ ਕਿਸੇ ਹੋਰ ਤਰੀਕੇ ਨਾਲ ਗਿਆਨ ਇੰਦਰੀਆਂ ਨੂੰ ਮਹਿਸੂਸ ਹੋ ਸਕਦੀ ਹੈ। ਟੀ ਪੀ ਪੀ ਵਿਚ ਨੈਚਰਲ ਜਾਂ ਮੈਨੂਫੈਕਚਿਰਡ ਗੈਸ, ਸੌਫਟਵੇਅਰ, ਹੀਟ, ਬਿਜਲੀ ਅਤੇ ਫਿਕਸਚਰਜ਼ ਸ਼ਾਮਲ ਹਨ, ਪਰ ਇਸ ਵਿਚ ਪ੍ਰੈਸਕਰਾਇਬਡ ਫਿਕਸਚਰਜ਼ ਸ਼ਾਮਲ ਨਹੀਂ ਹਨ।

ਪ੍ਰੈਸਕਰਾਇਬਡ ਫਿਕਸਚਰਜ਼ ਵਿਚ ਮਸ਼ੀਨਰੀ ਅਤੇ ਬਿਲਡਿੰਗ ਵਿਚ ਲਗਾਇਆ ਗਿਆ ਸਾਜ਼-ਸਮਾਨ ਜਾਂ ਹੀਟਿੰਗ, ਏਅਰ ਕੰਡੀਸ਼ਨਿੰਗ, ਰੌਸ਼ਨੀ, ਗੰਦੇ ਪਾਣੀ ਦੇ ਨਿਕਾਸ ਲਈ ਲਗਾਏ ਸਿਸਟਮ, ਅਤੇ ਲੋਕਾਂ ਜਾਂ ਮਾਲ ਦੀ ਢੁਆਈ ਲਈ ਲਗਾਏ ਗਏ ਐਲੀਵੇਟਰ ਜਾਂ ਐਸਕਾਲੇਟਰ ਸ਼ਾਮਲ ਹਨ। ਫਿਕਸਚਰਜ਼ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ SST 078**, *ਫਿਕਸਚਰਜ਼* ਦੇਖੋ।

ਟੈਕਸ ਲੱਗਣ ਯੋਗ ਮਾਲ ਦੀਆਂ ਕੁਝ ਉਦਾਹਰਣਾਂ ਇਹ ਹਨ:

- ਸ਼ਰਾਬ
- ਆਰਟ ਅਤੇ ਆਰਟ ਬਣਾਉਣ ਵਾਲੀਆਂ ਚੀਜ਼ਾਂ
- ਇਮਾਰਤੀ ਸਮਾਨ
- ਕੱਪੜੇ
- ਕੰਪਿਊਟਰ, ਸੌਫਟਵੇਅਰ ਅਤੇ ਸੌਫਟਵੇਅਰ ਅਪਡੇਟਸ
- ਸ਼ਿੰਗਾਰ ਅਤੇ ਕੰਘੀ-ਪੱਟੀ ਦਾ ਸਮਾਨ
- ਫੁੱਲ
- ਫਰਨੀਚਰ ਅਤੇ ਅਪਲਾਇੰਸਿਜ਼
- ਮੋਟਰ ਗੱਡੀਆਂ ਅਤੇ ਗੱਡੀਆਂ ਦੇ ਪੁਰਜੇ
- ਨੈਚੁਰਲ ਗੈਸ, ਹੀਟ ਅਤੇ ਕਾਰੋਬਾਰ ਦੀ ਵਰਤੋਂ ਲਈ ਬਿਜਲੀ
- ਪਾਲਤੂ ਜਾਨਵਰ
- ਸੋਵੀਨਾਰ

## ਟੈਕਸ ਲੱਗਣ ਯੋਗ ਸੇਵਾਵਾਂ

ਪੀ ਐੱਸ ਟੀ ਲੇਬਰ ਨਾਲ ਸੰਬੰਧਿਤ ਖਾਸ ਸੇਵਾਵਾਂ 'ਤੇ ਲਾਗੂ ਹੁੰਦਾ ਹੈ ਜਿਸ ਨੂੰ ਟੈਕਸ ਯੋਗ ਸੇਵਾਵਾਂ ਆਖਿਆ ਜਾਂਦਾ ਹੈ। ਟੈਕਸ ਲੱਗਣ ਯੋਗ ਸਰਵਿਸ ਕੋਈ ਵੀ ਉਹ ਸਰਵਿਸ ਹੈ ਜਿਹੜੀ, ਟੀ ਪੀ ਪੀ (ਠੋਸ ਨਿੱਜੀ ਪ੍ਰਾਪਰਟੀ) ਨੂੰ ਲਗਾਉਣ, ਜੋੜਣ, ਉਧੇੜਣ, ਰਿਪੇਅਰ ਕਰਨ, ਸੂਤ ਕਰਨ, ਮੁੜ ਕੇ ਠੀਕ ਕਰਨ, ਮੁਰੰਮਤ ਕਰਨ, ਦੁਬਾਰਾ ਸਜਾਉਣ ਜਾਂ ਕਾਇਮ ਰੱਖਣ ਲਈ ਪ੍ਰਦਾਨ ਕੀਤੀ ਜਾਂਦੀ ਹੈ। ਆਮ ਤੌਰ 'ਤੇ ਜੇ ਕੋਈ ਚੀਜ਼ ਖਰੀਦਣ ਵੇਲੇ ਟੈਕਸ ਲੱਗਣ ਯੋਗ ਹੈ ਤਾਂ ਉਸ ਚੀਜ਼ ਲਈ ਦਿੱਤੀਆਂ ਗਈਆਂ ਸੇਵਾਵਾਂ ਵੀ ਟੈਕਸ ਲੱਗਣ ਯੋਗ ਹਨ। ਟੈਕਸ ਲੱਗਣ ਯੋਗ ਸੇਵਾਵਾਂ ਦੀਆਂ ਕੁਝ ਉਦਾਹਰਣਾਂ ਇਹ ਹਨ:

- ਗੱਡੀਆਂ ਦੀ ਸੰਭਾਲ, ਮੁਰੰਮਤ, ਪੇਂਟਿੰਗ ਅਤੇ ਕੱਟ ਪੌਲਿਸ਼ਿੰਗ
- ਕੈਮਰਿਆਂ ਦੀ ਰਿਪੇਅਰ
- ਇੰਜਨ ਦੀ ਟਿਊਨ-ਅੱਪ
- ਫਰਨੀਚਰ ਦੀ ਮੁਰੰਮਤ, ਰੀ-ਅੱਪਹੋਲਸਟਰੀ ਅਤੇ ਦੁਬਾਰਾ ਸਜਾਵਟ ਕਰਨਾ
- ਚੱਕਵੇਂ ਗਮਲਿਆਂ ਵਿਚ ਲਗਾਏ ਗਏ ਬੂਟਿਆਂ ਦੀ ਸੰਭਾਲ
- ਟੈਕਸ ਲੱਗਣ ਯੋਗ ਚੀਜ਼ਾਂ ਦੀ ਹਿਫਾਜ਼ਤ ਲਈ ਕੀਤੇ ਗਏ ਪ੍ਰਬੰਧ ਜਿਵੇਂ ਕਿ ਕੱਪੜੇ ਦੀ ਹਿਫਾਜ਼ਤ, ਜੰਗਾਲ ਲੱਗਣ ਤੋਂ ਹਿਫਾਜ਼ਤ ਅਤੇ ਰੰਗ-ਰੋਗਨ
- ਕਾਰੋਬਾਰ ਦੇ ਸਾਜ਼-ਸਮਾਨ ਦੀ ਮੁਰੰਮਤ, ਜਿਵੇਂ ਕਿ ਕੈਸ਼ ਰਜਿਸਟਰ, ਫੋਟੋਕਾਪੀਆਂ ਕਰਨ ਵਾਲੀਆਂ ਮਸ਼ੀਨਾਂ ਅਤੇ ਫੈਕਸ ਮਸ਼ੀਨਾਂ ਦੀ ਮੁਰੰਮਤ
- ਵਪਾਰ ਮੇਲਿਆਂ ਅਤੇ ਕਨਵੈਨਸ਼ਨਾਂ ਵਿਖੇ ਆਰਜ਼ੀ ਕਾਊਂਟਰ, ਸ਼ੈਲਫਾਂ, ਬੂਥ ਅਤੇ ਅਜਿਹੀਆਂ ਹੋਰ ਚੀਜ਼ਾਂ ਲਗਾਉਣਾ
- ਟੈਲੀਵੀਜ਼ਨ, ਸਟੀਰਿਓ ਅਤੇ ਕੰਪਿਊਟਰ ਹਾਰਡਵੇਅਰ ਦੀ ਮੁਰੰਮਤ
- ਘੜੀਆਂ ਦੀ ਮੁਰੰਮਤ ਅਤੇ ਸੰਭਾਲ

ਟੈਕਸ ਲੱਗਣ ਯੋਗ ਸੇਵਾਵਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ SST 018**, *ਟੈਕਸੇਬਲ ਸਰਵਿਸਿਜ਼* ਦੇਖੋ।

## ਕਾਨੂੰਨੀ ਸੇਵਾਵਾਂ, ਪਾਰਕਿੰਗ ਦੇ ਹੱਕ ਅਤੇ ਟੈਲੀਕਮਿਊਨੀਕੇਸ਼ਨ ਸੇਵਾਵਾਂ

ਪੀ ਐੱਸ ਟੀ, ਕਾਨੂੰਨੀ ਸੇਵਾਵਾਂ ਲੈਣ ਦੀ ਕੀਮਤ, ਸਾਊਥ ਕੋਸਟ ਬ੍ਰਿਟਿਸ਼ ਕੋਲੰਬੀਆ ਟ੍ਰਾਂਸਪੋਰਟੇਸ਼ਨ ਸਰਵਿਸ ਰੀਜਨ ਵਿਚ ਪਾਰਕਿੰਗ ਦੇ ਹੱਕਾਂ ਅਤੇ ਟੈਲੀਕਮਿਊਨੀਕੇਸ਼ਨ ਸੇਵਾਵਾਂ ਉੱਪਰ ਵੀ ਲਾਗੂ ਹੁੰਦਾ ਹੈ। ਇਹ ਜਾਣਕਾਰੀ ਲੈਣ ਲਈ ਕਿ ਇਨ੍ਹਾਂ ਸੇਵਾਵਾਂ ਉੱਪਰ ਪੀ ਐੱਸ ਟੀ ਕਿਵੇਂ ਲਾਗੂ ਹੁੰਦਾ ਹੈ, ਕਿਰਪਾ ਕਰਕੇ ਅੱਗੇ ਲਿਖੇ ਬੁਲੇਟਿਨ ਦੇਖੋ।

**ਬੁਲੇਟਿਨ SST 061**, *ਲੀਗਲ ਸਰਵਿਸਿਜ਼*
**ਬੁਲੇਟਿਨ SST 105**, *ਮੋਟਰ ਵਹੀਕਲ ਪਾਰਕਿੰਗ*
**ਬੁਲੇਟਿਨ SST 107**, *ਟੈਲੀਕਮਿਊਨੀਕੇਸ਼ਨਜ਼ ਇੰਡਸਟਰੀ*

# ਹੋਰ ਟੈਕਸ ਅਤੇ ਮਸੂਲ

### ਮੁਸਾਫਰ-ਗੱਡੀਆਂ ਦੀ ਕਿਰਾਏਦਾਰੀ ’ਤੇ ਟੈਕਸ

ਲਗਾਤਾਰ 28 ਦਿਨ ਜਾਂ ਘੱਟ ਸਮੇਂ ਲਈ ਮੁਸਾਫਰ-ਗੱਡੀਆਂ ਕਿਰਾਏ ’ਤੇ ਕਰਨ ਅਤੇ ਲੀਜ਼ ਕਰਨ ’ਤੇ ਹਰ ਦਿਨ ਜਾਂ ਦਿਨ ਦੇ ਕੁਝ ਹਿੱਸੇ ਲਈ 1 ਡਾਲਰ 50 ਸੈਂਟ ਦਾ ਮੁਸਾਫਰ-ਗੱਡੀ ਕਿਰਾਇਆ ਟੈਕਸ ਲਾਗੂ ਹੁੰਦਾ ਹੈ। 1 ਅਪਰੈਲ, 2008 ਤੋਂ, ਲਗਾਤਾਰ 8 ਘੰਟਿਆਂ ਜਾਂ ਘੱਟ ਸਮੇਂ ਲਈ ਮੁਸਾਫਰ-ਗੱਡੀਆਂ ਕਿਰਾਏ ’ਤੇ ਕਰਨ ਜਾਂ ਲੀਜ਼ ਕਰਨ ’ਤੇ ਮੁਸਾਫਰ-ਗੱਡੀ ਕਿਰਾਇਆ ਟੈਕਸ ਲਾਗੂ ਨਹੀਂ ਹੁੰਦਾ। ਗੱਡੀ ਲੀਜ਼ ’ਤੇ ਦੇਣ ਵਾਲੇ ਗੱਡੀ ਦੀ ਲੀਜ਼ ਜਾਂ ਕਿਰਾਏ ’ਤੇ ਪੀ ਐੱਸ ਟੀ ਲੈਣ ਤੋਂ ਇਲਾਵਾ ਇਹ ਟੈਕਸ ਵੀ ਇਕੱਠਾ ਕਰਦੇ ਹਨ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **ਬੁਲੇਟਿਨ SST 103**, *ਲੈਜ਼ਰਜ਼ ਆਫ ਮੋਟਰ ਵਹੀਕਲਜ਼ ਐਂਡ ਟਰੇਲਰਜ਼* ਦੇਖੋ।

### ਵਾਤਾਵਰਣ ਲਈ ਮਸੂਲ

ਬ੍ਰਿਟਿਸ਼ ਕੋਲੰਬੀਆ ਵਿਚ ਲੈੱਡ ਏਸਿਡ ਵਾਲੀ 2 ਕਿਲੋ ਜਾਂ ਜ਼ਿਆਦਾ ਭਾਰ ਵਾਲੀ ਖਰੀਦੀ ਜਾਣ ਵਾਲੀ ਹਰ ਨਵੀਂ ਬੈਟਰੀ ’ਤੇ 5 ਡਾਲਰ ਦਾ ਵਾਤਾਵਰਣ ਲਈ ਮਸੂਲ ( ਸੂਬਾਈ ਇਨਵਾਰਮੈਂਟਲ ਲੈਵੀ) ਲਾਗੂ ਹੁੰਦਾ ਹੈ।

1 ਸਤੰਬਰ, 2007 ਤੋਂ 0.4 % ਦੀ ਸੂਬਾਈ ਇਨੋਵੇਟਿਵ ਕਲੀਨ ਐਨਰਜੀ (ਆਈ ਸੀ ਈ) ਫੰਡ ਲੈਵੀ ਗਰਿੱਡ ਸਿਸਟਮ ’ਤੇ ਵੇਚੀ ਜਾਣ ਵਾਲੀ ਬਿਜਲੀ, ਨੈਚਰਲ ਗੈਸ, ਫਿਊਲ ਆਇਲ ਅਤੇ ਪ੍ਰੋਪੈਨ ਦੀ ਖਰੀਦ ’ਤੇ ਲਾਗੂ ਹੁੰਦੀ ਹੈ। ਇਹ ਲੈਵੀ *ਮੋਟਰ ਫਿਊਲ ਟੈਕਸ ਐਕਟ* ਅਧੀਨ ਤੇਲ ’ਤੇ ਲੱਗੇ ਟੈਕਸ ਜਾਂ ਟੈਕਸ ਤੋਂ ਛੋਟ ’ਤੇ ਲਾਗੂ ਨਹੀਂ ਹੁੰਦੀ (ਜਿਵੇਂ ਮੋਟਰ ਗੱਡੀਆਂ ਵਿਚ ਵਰਤੇ ਜਾਂਦੇ ਤੇਲ ’ਤੇ)।

ਵਿਕਰੇਤਾ, ਵਿਕਰੀਆਂ ’ਤੇ ਪੀ ਐੱਸ ਟੀ ਲੈਣ ਤੋਂ ਇਲਾਵਾ ਬੈਟਰੀ ਅਤੇ ਆਈ ਸੀ ਈ ਫੰਡ ਲੈਵੀਆਂ ਵੀ ਇਕੱਠੀਆਂ ਕਰਦੇ ਹਨ। ਬੈਟਰੀ ਜਾਂ ਆਈ ਸੀ ਈ ਫੰਡ ਲੈਵੀ ’ਤੇ ਪੀ ਐੱਸ ਟੀ ਨਹੀਂ ਲਈ ਜਾਂਦੀ।

ਬੈਟਰੀ ਲੈਵੀ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ SST 015**, *ਇਨਵਾਰਮੈਂਟਲ ਲੈਵੀ ਔਨ ਬੈਟਰੀਜ਼* ਦੇਖੋ। ਆਈ ਸੀ ਈ ਫੰਡ ਲੈਵੀ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **www.sbr.gov.bc.ca/individuals/Consumer_Taxes/Provincial_Sales_Tax/ICE_Fund_Levy.htm** ’ਤੇ ਸਾਡਾ ਵੈੱਬਸਾਈਟ ਦੇਖੋ।

# ਕੀ ਟੈਕਸ ਲੱਗਣ ਯੋਗ ਨਹੀਂ ਹੈ?

### ਟੈਕਸ ਮੁਕਤ ਚੀਜ਼ਾਂ

ਤੁਸੀਂ ਅੱਗੇ ਲਿਖੀਆਂ ਚੀਜ਼ਾਂ ਬਿਨ੍ਹਾਂ ਪੀ ਐੱਸ ਟੀ ਇਕੱਠੀ ਕੀਤਿਆਂ ਕਿਸੇ ਨੂੰ ਵੀ ਵੇਚ ਸਕਦੇ ਹੋ:

- ਮਨੁੱਖੀ ਖਪਤ ਲਈ ਖਾਣਿਆਂ ਵਾਲੀਆਂ ਵਸਤਾਂ, ਜਿਸ ਵਿਚ ਕੈਂਡੀਆਂ ਅਤੇ ਮਿਠਾਈਆਂ ਵੀ ਸ਼ਾਮਲ ਹਨ
- ਪਾਣੀ, ਸ਼ਰਾਬ ਰਹਿਤ ਪੀਣ ਵਾਲੀਆਂ ਵਸਤਾਂ, ਵਿਟਾਮਿਨ ਅਤੇ ਖ਼ੁਰਾਕੀ ਸਪਲੀਮੈਂਟ
- ਡਾਕਟਰ, ਦੰਦਾਂ ਦੇ ਡਾਕਟਰ, ਜਾਂ ਡੰਗਰਾਂ ਦੇ ਡਾਕਟਰ ਦੀ ਪਰਚੀ ਲੈ ਕੇ ਵੇਚੀਆਂ ਗਈਆਂ ਦਵਾਈਆਂ
- ਬੱਚਿਆਂ ਦੇ ਕੱਪੜੇ ਅਤੇ ਜੁੱਤੀਆਂ (**ਬੁਲੇਟਿਨ SST 009**, *ਚਿਲਡਰਨ’ਜ਼ ਕਲੋਦਿੰਗ* ਦੇਖੋ)।

ਤੁਸੀਂ ਅੱਗੇ ਲਿਖੀਆਂ ਚੀਜ਼ਾਂ ਵੀ ਕਿਸੇ ਨੂੰ ਵੀ ਬਿਨਾਂ ਪੀ ਐੱਸ ਟੀ ਲਿਆਂ ਵੇਚ ਸਕਦੇ ਹੋ; ਪਰ, ਇਨ੍ਹਾਂ ਚੀਜ਼ਾਂ ਲਈ ਛੋਟ ਦੀਆਂ ਕੁਝ ਖਾਸ ਸ਼ਰਤਾਂ ਪੂਰੀਆਂ ਕਰਦੇ ਹੋਣਾ ਜ਼ਰੂਰੀ ਹੈ ਜਾਂ ਇਹ ਖਾਸ ਚੀਜ਼ਾਂ ਤੱਕ ਸੀਮਤ ਹੋਣੀਆਂ ਚਾਹੀਦੀਆਂ ਹਨ:

- ਸਾਇਕਲ ਅਤੇ ਬਾਲਗ ਸਾਈਜ਼ ਦੇ ਟ੍ਰਾਈਸਾਇਕਲ – ਬਿਨਾਂ ਮੋਟਰ ਤੋਂ ਚੱਲਣ ਵਾਲੇ ਅਤੇ ਬਿਜਲੀ ਦੀ ਮਦਦ ਨਾਲ ਚੱਲਣ ਵਾਲੇ (**ਬੁਲੇਟਿਨ SST 001**, *ਬਾਈਸਾਇਕਲਜ਼ ਐਂਡ ਟ੍ਰਾਈਸਾਇਕਲਜ਼* ਦੇਖੋ)।
- ਕਿਤਾਬਾਂ, ਅਖ਼ਬਾਰ, ਮੈਗਜ਼ੀਨ (**ਬੁਲੇਟਿਨ SST 131**, *ਬੁੱਕ, ਮੈਗਜ਼ੀਨ ਐਂਡ ਨਿਊਜ਼ਪੇਪਰ ਰੀਟੇਲਰਜ਼* ਦੇਖੋ।)
- ਸੁਰੱਖਿਆ ਲਈ ਖਾਸ ਸਾਜ਼-ਸਮਾਨ (**ਬੁਲੇਟਿਨ SST 002**, *ਸੇਫਟੀ ਇਕੁਇਪਮੈਂਟ ਐਂਡ ਪ੍ਰੋਟੈਕਟਿਵ ਕਲੋਥਿੰਗ* ਦੇਖੋ।)
- ਊਰਜਾ (ਐਨਰਜੀ) ਬਚਾਉਣ ਵਾਲੀ ਖਾਸ ਸਾਮੱਗਰੀ (**ਬੁਲੇਟਿਨ SST 011**, *ਇਗਜ਼ੈਂਪਸ਼ਨ ਫਾਰ ਮਾਟੀਰੀਅਲ ਐਂਡ ਇਕੁਇਪਮੈਂਟ ਯੂਜ਼ਡ ਟੂ ਕਨਜ਼ਰਵ ਐਨਰਜੀ* ਦੇਖੋ।)
- ਖਾਸ ਦਵਾਈਆਂ ਅਤੇ ਸਿਹਤ ਨਾਲ ਸੰਬੰਧਿਤ ਸਾਜ਼-ਸਮਾਨ ਅਤੇ ਵਸਤਾਂ (**ਬੁਲੇਟਿਨ SST 006**, *ਮੈਡੀਕਲ ਸਪਲਾਈਜ਼ ਐਂਡ ਇਕੁਇਪਮੈਂਟ* ਅਤੇ **ਬੁਲੇਟਿਨ SST 003**, *ਇਕੁਇਪਮੈਂਟ ਐਂਡ ਡਿਵਾਇਸਿਜ਼ ਯੂਜ਼ਡ ਬਾਈ ਪਰਸਨਜ਼ ਵਿਦ ਏ ਪ੍ਰਮਾਨੈਂਟ ਡਿਸਏਬਿਲਟੀ* ਦੇਖੋ।)

## ਟੈਕਸ ਮੁਕਤ ਸੇਵਾਵਾਂ

ਅੱਗੇ ਲਿਖੀਆਂ ਮਜ਼ਦੂਰੀ ਦੀਆਂ ਸੇਵਾਵਾਂ ਪੀ ਐੱਸ ਟੀ ਤੋਂ ਮੁਕਤ ਹਨ:

> ਗੱਡੀਆਂ ਨੂੰ ਟੋਅ ਕਰਨਾ, ਸੜਕ 'ਤੇ ਐਮਰਜੰਸੀ ਟਾਇਰ ਬਦਲੀ ਅਤੇ ਐਮਰਜੰਸੀ ਬੈਟਰੀ ਬੂਸਟਿੰਗ (ਪਰ ਇਸ ਵਿਚ ਬੈਟਰੀ ਨੂੰ ਦੁਬਾਰਾ ਚਾਰਜ ਕਰਨਾ ਸ਼ਾਮਲ ਨਹੀਂ ਹੈ);

> ਜਾਨਵਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਜਿਵੇਂ ਕਿ ਘੋੜਿਆਂ ਦੇ ਖੁਰੀਆਂ ਲਾਉਣ, ਜਾਨਵਰਾਂ ਦਾ ਸ਼ਿੰਗਾਰ ਜਾਂ ਜਾਨਵਰਾਂ ਦੇ ਡਾਕਟਰ ਦੀਆਂ ਸੇਵਾਵਾਂ;

> ਸਫਾਈ ਸੇਵਾਵਾਂ, ਜਿਵੇਂ ਕਿ ਲਾਂਡਰੀ ਅਤੇ ਡਰਾਈ ਕਲੀਨਿੰਗ, ਕਾਰਪੈੱਟ ਅਤੇ ਪਰਦਿਆਂ/ਸੋਫਿਆਂ ਦੀ ਸਫਾਈ, ਜੈਨੀਟੋਰੀਅਲ ਸੇਵਾਵਾਂ, ਇੰਜਨ ਸ਼ੈਂਪੂ, ਅਤੇ ਕਾਰਾਂ ਦੀ ਧੁਆਈ ਅਤੇ ਚਮਕਾਈ;

> ਟੀ ਪੀ ਪੀ (ਠੋਸ ਨਿੱਜੀ ਪ੍ਰਾਪਰਟੀ) ਲਗਾਉਣ ਲਈ ਲਗਾਈ ਲੇਬਰ ਜੋ ਕਿ ਲਗਾਏ ਜਾਣ ਤੋਂ ਬਾਅਦ ਅਸਲੀ ਪ੍ਰਾਪਰਟੀ ਬਣ ਜਾਵੇ;

> ਨਿੱਜੀ ਸੇਵਾਵਾਂ, ਜਿਵੇਂ ਕਿ ਵਾਲਾਂ ਦੇ ਸਟਾਇਲ ਬਣਾਉਣਾ, ਵਾਲ ਕੱਟਣੇ ਅਤੇ ਖੂਬਸੂਰਤੀ ਲਈ ਉਪਚਾਰ (ਪਰ ਚੀਜ਼ਾਂ ਦੀ ਵਿਕਰੀ 'ਤੇ ਟੈਕਸ ਲੱਗਣ ਯੋਗ ਹੈ);

> ਸੌਫਟਵੇਅਰ ਲਈ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਜਿਵੇਂ ਕਿ ਇਨਸਟਾਲ ਕਰਨਾ, ਤਰਤੀਬ ਦੇਣੀ, ਮੁਰੰਮਤ ਕਰਨਾ, ਮੁੜ ਕੇ ਚਾਲੂ ਕਰਨਾ ਜਾਂ ਠੀਕ ਕਰਨ ਲਈ ਸਰਵਿਸ ਦੇਣਾ ਜਿਸ ਵਿਚ ਵਾਇਰਸ ਕੱਢਣਾ ਵੀ ਸ਼ਾਮਲ ਹੈ;

> ਉਨ੍ਹਾਂ ਚੀਜ਼ਾਂ ਲਈ ਸੇਵਾਵਾਂ ਜਿਹੜੀਆਂ ਸੂਬੇ ਵਿਚ ਸਿਰਫ ਟੈਕਸ ਲੱਗਣ ਯੋਗ ਸੇਵਾਵਾਂ ਲੈਣ ਲਈ ਲਿਆਂਦੀਆਂ ਜਾਂ ਭੇਜੀਆਂ ਗਈਆਂ ਹਨ ਅਤੇ, ਸੇਵਾਵਾਂ ਮਿਲਣ ਤੋਂ ਫੌਰਨ ਬਾਅਦ ਸੂਬੇ ਵਿੱਚੋਂ ਭੇਜ ਦਿੱਤੀਆਂ ਗਈਆਂ ਹਨ (ਵਿਕਰੇਤਾ ਕੋਲ ਵਿਕਰੀ ਦੀਆਂ ਹਾਲਤਾਂ ਦੀ ਤਸਦੀਕ ਕਰਦੇ ਕਾਗਜ਼-ਪੱਤਰ ਹੋਣੇ ਜ਼ਰੂਰੀ ਹਨ);

> ਉਨ੍ਹਾਂ ਚੀਜ਼ਾਂ ਲਈ ਸੇਵਾਵਾਂ ਜਿਨ੍ਹਾਂ ਨੂੰ ਟੈਕਸ ਤੋਂ ਛੋਟ ਹੈ (ਜਿਵੇਂ ਕਿ ਬਿਨਾਂ ਮੋਟਰ ਤੋਂ ਚੱਲਣ ਵਾਲੇ ਦੋ ਪਹੀਆਂ ਵਾਲੇ ਸਾਇਕਲਾਂ ਦੀ ਰਿਪੇਅਰ);

> ਅੱਗੇ ਲਿਖੀਆਂ ਚੀਜ਼ਾਂ ਲਈ ਸੇਵਾਵਾਂ ਜੇ ਇਹ ਘਰੇਲੂ ਵਰਤੋਂ ਲਈ ਹਨ: ਫਰਿੱਜਾਂ, ਸਟੋਵਾਂ, ਓਵਨਾਂ (ਮਾਈਕਰੋਵੇਵ ਅਤੇ ਕਨਵੈਕਸ਼ਨ ਓਵਨਾਂ ਸਮੇਤ), ਕੱਪੜੇ ਧੋਣ ਅਤੇ ਸੁਕਾਉਣ ਵਾਲੀਆਂ ਮਸ਼ੀਨਾਂ, ਭਾਂਡੇ ਧੋਣ ਵਾਲੀਆਂ ਮਸ਼ੀਨਾਂ, ਵੈਕਿਊਮ, ਸਿਲਾਈ ਮਸ਼ੀਨਾਂ, ਰੱਗਾਂ, ਕਾਰਪੈੱਟਾਂ, ਸਜਾਵਟੀ ਪਰਦਿਆਂ (ਡਰੇਪਰੀਜ਼) ਅਤੇ ਪਰਦਿਆਂ ਲਈ।

ਟੈਕਸ ਮੁਕਤ ਸੇਵਾਵਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ SST 018**, *ਟੈਕਸੇਬਲ ਸਰਵਿਸਿਜ਼* ਦੇਖੋ।

## ਆਮ ਛੋਟਾਂ

ਅੱਗੇ ਲਿਖੀਆਂ ਛੋਟਾਂ ਇਸ ਚੀਜ਼ 'ਤੇ ਨਿਰਭਰ ਕਰਦੀਆਂ ਹਨ ਕਿ ਕੀ ਖਰੀਦਦਾਰ ਛੋਟ ਦਾ ਹੱਕਦਾਰ ਹੈ ਜਾਂ ਚੀਜ਼ ਦੀ ਵਰਤੋਂ ਦਾ ਮਕਸਦ ਕੀ ਹੈ। ਤੁਹਾਨੂੰ ਆਪਣੇ ਰਿਕਾਰਡ ਵਿਚ ਉਹ ਪੇਪਰ ਰੱਖਣ ਦੀ ਲੋੜ ਪਵੇਗੀ ਜੋ ਇਹ ਦਿਖਾਉਂਦੇ ਹੋਣ ਕਿ ਤੁਸੀਂ ਪੀ ਐੱਸ ਟੀ ਕਿਉਂ ਨਹੀਂ ਲਿਆ। ਅੱਗੇ ਦਿੱਤੀ ਸੂਚੀ ਉਨ੍ਹਾਂ ਪੇਪਰਾਂ ਬਾਰੇ ਦੱਸਦੀ ਹੈ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ।

| ***ਛੋਟ*** | ***ਸਾਬਤ ਕਰਨ ਲਈ ਕਾਗਜ਼-ਪੱਤਰ*** |
|---|---|
| ਦੁਬਾਰਾ ਵੇਚਣ ਲਈ ਖਰੀਦਿਆ ਗਿਆ ਮਾਲ | ਖਰੀਦਦਾਰ ਦਾ ਇਨਵੋਆਇਸ 'ਤੇ ਰਿਕਾਰਡ ਕੀਤਾ ਗਿਆ ਪੀ ਐੱਸ ਟੀ ਰਜਿਸਟਰੇਸ਼ਨ ਨੰਬਰ ਜਾਂ ਜੇ ਨੰਬਰ ਰਜਿਸਟਰ ਨਹੀਂ ਹੋਇਆ ਤਾ ਛੋਟ ਦਾ *ਸਰਟੀਫਿਕੇਟ ਫਾਰਮ* (**FIN 453**) |
| ਦੂਜੇ ਲੋਕਾਂ ਨੂੰ ਲੀਜ਼ 'ਤੇ ਦੇਣ ਲਈ ਖਰੀਦਿਆ ਗਿਆ ਜਾਂ ਲੀਜ਼ 'ਤੇ ਲਿਆ ਗਿਆ ਮਾਲ | ਖਰੀਦਦਾਰ ਜਾਂ ਲੀਜ਼ 'ਤੇ ਦੇਣ ਵਾਲੇ ਦਾ ਇਨਵੋਆਇਸ 'ਤੇ ਰਿਕਾਰਡ ਕੀਤਾ ਗਿਆ ਪੀ ਐੱਸ ਟੀ ਰਜਿਸਟਰੇਸ਼ਨ ਨੰਬਰ<br><br>ਕਿਰਪਾ ਕਰਕੇ **ਬੁਲੇਟਿਨ SST 082**, *ਰੈਂਟਲਜ਼ ਐਂਡ ਲੀਜ਼ਜ਼ ਆਫ ਟੈਂਜੀਬਲ ਪਰਸਨਲ ਪ੍ਰਾਪਰਟੀ* ਅਤੇ **SST 103**, *ਲੈਜ਼ਰਜ਼ ਆਫ ਮੋਟਰ ਵਹੀਕਲਜ਼ ਐਂਡ ਟਰੇਲਰਜ਼* ਦੇਖੋ। |
| ਦੁਬਾਰਾ ਵਿਕਰੀ ਕਰਨ ਵਾਲੇ ਮਾਲ ਵਿਚ ਸ਼ਾਮਲ ਕਰਨ ਲਈ ਖਰੀਦਿਆ ਗਿਆ ਮਾਲ ਅਤੇ ਸਾਮੱਗਰੀ | ਖਰੀਦਦਾਰ ਦਾ ਇਨਵੋਆਇਸ 'ਤੇ ਰਿਕਾਰਡ ਕੀਤਾ ਗਿਆ ਪੀ ਐੱਸ ਟੀ ਰਜਿਸਟਰੇਸ਼ਨ ਨੰਬਰ **ਜਾਂ** ਜੇ ਨੰਬਰ ਰਜਿਸਟਰ ਨਹੀਂ ਹੋਇਆ ਤਾ ਛੋਟ ਦਾ *ਸਰਟੀਫਿਕੇਟ ਫਾਰਮ* (**FIN 453**) |
| ਵਿਕਰੇਤਾ ਵਲੋਂ ਸੂਬੇ ਤੋਂ ਬਾਹਰ ਭੇਜਿਆ ਗਿਆ ਜਾਂ ਡਲਿਵਰ ਕੀਤਾ ਗਿਆ ਮਾਲ | ਵਿਕਰੇਤਾ ਵਲੋਂ ਸੂਬੇ ਤੋਂ ਬਾਹਰ ਭੇਜਣ ਦਾ ਸਬੂਤ ਜਾਂ ਜੇ ਵਿਕਰੇਤਾ ਨੇ ਸੂਬੇ ਤੋਂ ਬਾਹਰ ਡਲਿਵਰ ਕੀਤਾ ਹੈ ਤਾਂ *ਸੂਬੇ ਤੋਂ ਬਾਹਰ ਡਲਿਵਰੀ 'ਤੇ ਛੋਟ ਦਾ ਫਾਰਮ* (**FIN 448**)<br><br>ਕਿਰਪਾ ਕਰਕੇ **ਬੁਲੇਟਿਨ SST 030**, *ਪਰਚੇਜ਼ਿਜ਼ ਬਾਈ ਨੌਨ-ਰੈਜ਼ੀਡੈਂਟਸ ਆਫ ਬ੍ਰਿਟਿਸ਼ ਕੋਲੰਬੀਆ* ਦੇਖੋ। |

| ਛੋਟ | ਸਾਬਤ ਕਰਨ ਲਈ ਕਾਗਜ਼-ਪੱਤਰ |
|---|---|
| ਟੈਕਸ ਲੱਗਣ ਯੋਗ ਸੇਵਾਵਾਂ ਅਤੇ ਵਿਕਰੀ ਜਾ ਲੀਜ਼ ਸਟੌਕ ਲਈ ਖਰੀਦੇ ਗਏ ਰਿਪੇਅਰ ਪਾਰਟਸ | ਖਰੀਦਦਾਰ ਜਾਂ ਲੀਜ਼ 'ਤੇ ਦੇਣ ਵਾਲੇ ਦਾ ਇਨਵੋਆਇਸ 'ਤੇ ਰਿਕਾਰਡ ਕੀਤਾ ਗਿਆ ਪੀ ਐੱਸ ਟੀ ਰਜਿਸਟਰੇਸ਼ਨ ਨੰਬਰ ਜਾਂ ਜੇ ਨੰਬਰ ਰਜਿਸਟਰ ਨਹੀਂ ਹੋਇਆ ਤਾ ਛੋਟ ਦਾ ਸਰਟੀਫਿਕੇਟ ਫਾਰਮ (FIN 453)<br><br>ਕਿਰਪਾ ਕਰਕੇ ਬੁਲੇਟਿਨ SST 018, *ਟੈਕਸੇਬਲ ਸਰਵਿਸਿਜ਼* ਦੇਖੋ |
| ਯੋਗ ਵਿਅਕਤੀਆਂ ਵਲੋਂ ਬ੍ਰਿਟਿਸ਼ ਕੋਲੰਬੀਆ ਦੇ ਅੰਦਰ ਅਤੇ ਬਾਹਰ ਵਰਤੋਂ ਲਈ ਖਰੀਦੀਆਂ ਗਈਆਂ ਚੀਜ਼ਾਂ | ਇਨਵੋਆਇਸ 'ਤੇ ਰਿਕਾਰਡ ਕੀਤਾ ਗਿਆ ਖਰੀਦਦਾਰ ਦਾ ਸਪੈਸ਼ਲ ਰਜਿਸਟਰੇਸ਼ਨ ਨੰਬਰ (ਐੱਸ ਆਰ ਐੱਨ)<br><br>ਕਿਰਪਾ ਕਰਕੇ ਬੁਲੇਟਿਨ SST 010, *ਸਪੈਸ਼ਲ ਰਜਿਸਟਰੇਸ਼ਨ ਨੰਬਰ* ਦੇਖੋ |
| ਯੋਗ ਵਿਅਕਤੀਆਂ ਦੀ ਵਰਤੋਂ ਲਈ ਖਰੀਦੀ ਗਈ ਪ੍ਰੋਡਕਸ਼ਨ ਮਸ਼ੀਨਰੀ ਅਤੇ ਸਾਜ਼-ਸਮਾਨ | *ਛੋਟ ਦਾ ਸਰਟੀਫਿਕੇਟ ਫਾਰਮ: ਪ੍ਰੋਡਕਸ਼ਨ ਮਸ਼ੀਨਰੀ ਐਂਡ ਇਕੁਇਪਮੈਂਟ ਫਾਰਮ* (FIN 453/M) ਜਾਂ ਇਨਵੋਆਇਸ 'ਤੇ ਰਿਕਾਰਡ ਕੀਤਾ ਗਿਆ ਖਰੀਦਦਾਰ ਦਾ ਐੱਸ ਆਰ ਐੱਨ<br><br>ਕਿਰਪਾ ਕਰਕੇ ਬੁਲੇਟਿਨ SST 054, *ਮੈਨੂਫੈਕਚਰਰਜ਼*, SST 055 *ਔਇਲ ਐਂਡ ਗੈਸ ਇੰਡਸਟਰੀ: ਪ੍ਰੋਡਿਊਸਰਜ਼ ਐਂਡ ਪ੍ਰੋਸੈੱਸਰਜ਼*, SST 081, *ਮਾਈਨਿੰਗ ਇੰਡਸਟਰੀ*, SST 112, *ਲੌਗਿੰਗ ਇੰਡਸਟਰੀ ਜਾਂ* SST 010, *ਸਪੈਸ਼ਲ ਰਜਿਸਟਰੇਸ਼ਨ ਨੰਬਰ* ਦੇਖੋ |
| ਫਾਰਮਰਾਂ, ਮਛੇਰਿਆਂ, ਜਾਂ ਮੱਛੀ ਪਾਲਕਾਂ ਦੀ ਵਰਤੋਂ ਲਈ ਖਰੀਦਿਆ ਗਿਆ ਖਾਸ ਮਾਲ (ਸ਼ੈੱਲਫਿਸ਼ ਦੇ ਉਤਪਾਦਕਾਂ ਸਮੇਤ) | *ਫਾਰਮਰ ਵਜੋਂ ਛੋਟ ਦੇ ਸਰਟੀਫਿਕੇਟ ਦਾ ਫਾਰਮ:* (FIN 465) **ਜਾਂ** ਬ੍ਰਿਟਿਸ਼ ਕੋਲੰਬੀਆ ਐਗਰੀਕਲਚਰਲ ਕੌਂਸਲ (ਬੀ ਸੀ ਏ ਸੀ) ਵਲੋਂ ਜਾਰੀ ਕੀਤੇ ਗਏ ਫਾਰਮਰ ਆਇਡੈਂਟਟੀ ਕਾਰਡ ਦਾ ਛਾਪਾ<br><br>*ਕਮਰਸ਼ੀਅਲ ਮਛੇਰੇ ਵਜੋਂ ਛੋਟ ਦੇ ਸਰਟੀਫਿਕੇਟ ਦਾ ਫਾਰਮ* (FIN 459)<br><br>*ਮੱਛੀ ਪਾਲਕ ਵਜੋਂ ਛੋਟ ਦੇ ਸਰਟੀਫਿਕੇਟ ਦਾ ਫਾਰਮ* (FIN 599)<br><br>ਕਿਰਪਾ ਕਰਕੇ ਬੁਲੇਟਿਨ SST 023, *ਬੋਨਾ ਫਾਈਡ ਫਾਰਮਰਜ਼*, SST 025, *ਬੋਨਾ ਫਾਈਡ ਕਮਰਸ਼ੀਅਲ ਫਿਸ਼ਰ*, ਜਾਂ SST 050, *ਬੋਨਾ ਫਾਈਡ ਅਕੂਆਕਲਚਰਿਸਟਸ ਅਤੇ* SST 120, *ਸ਼ੈਲਫਿਸ਼ ਗਰੋਅਰਜ਼* ਦੇਖੋ |
| 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬਾਲਗਾਂ ਦੇ ਸਾਈਜ਼ ਦੇ ਖਰੀਦੇ ਗਏ ਕੱਪੜੇ ਅਤੇ ਜੁੱਤੀਆਂ | *ਬੱਚਿਆਂ ਦੇ ਕੱਪੜਿਆਂ ਅਤੇ ਜੁੱਤੀਆਂ ਲਈ ਛੋਟ ਦਾ ਸਰਟੀਫਿਕੇਟ ਦਾ ਫਾਰਮ* (FIN 417)<br><br>ਕਿਰਪਾ ਕਰਕੇ ਬੁਲੇਟਿਨ SST 009, *ਚਿਲਡਰਨ'ਜ਼ ਕਲੌਦਿੰਗ* ਦੇਖੋ |
| ਸਟੈਟਸ ਇੰਡੀਅਨਾਂ ਅਤੇ ਇੰਡੀਅਨ ਬੈਂਡਜ਼ ਨੂੰ ਵੇਚਿਆ ਗਿਆ ਮਾਲ | ***ਵਿਅਕਤੀ***<br>> ਖਰੀਦਦਾਰ ਦਾ ਫੈਡਰਲ ਸਰਕਾਰ ਵਲੋਂ ਜਾਰੀ ਕੀਤਾ ਗਿਆ *ਇੰਡੀਅਨ ਦੇ ਦਰਜੇ ਦਾ ਸਰਟੀਫਿਕੇਟ ਸ਼ਨਾਖਤੀ ਕਾਰਡ* ਦੇਖਣ ਦੀ ਮੰਗ ਕਰੋ<br>> ਚੈੱਕ ਕਰੋ ਕਿ ਫੋਟੋ ਖਰੀਦਦਾਰ ਦੀ ਹੈ<br>> ਖਰੀਦਦਾਰ ਦਾ ਨਾਂ, ਬੈਂਡ ਦਾ ਨਾਂ ਅਤੇ ਨੰਬਰ ਜਾਂ ਕਾਰਡ ਤੋਂ ਰਜਿਸਟਰੇਸ਼ਨ ਨੰਬਰ ਲਿਖੋ।<br>> ਖਰੀਦਦਾਰ ਦੇ ਦਸਖਤ ਕਰਵਾਉ<br><br>***ਬੈਂਡ***<br>> ਖਰੀਦਦਾਰ ਲਈ ਇੰਡੀਅਨ ਬੈਂਡ ਦੀ ਤਰਫੋਂ ਖਰੀਦਦਾਰੀ ਕਰਨ ਦਾ ਲਿਖਤੀ ਅਧਿਕਾਰ ਦਿਖਾਉਣਾ ਜ਼ਰੂਰੀ ਹੈ<br>> ਇਹ ਪੱਕਾ ਕਰਨ ਲਈ ਖਰੀਦਦਾਰ ਦੀ ਪਛਾਣ ਚੈੱਕ ਕਰੋ ਕਿ ਨਾਂ ਚਿੱਠੀ ਉਪਰਲੇ ਅਧਿਕਾਰਤ ਨਾਂ ਨਾਲ ਮੇਲ ਖਾਂਦਾ ਹੈ<br>> ਖਰੀਦਦਾਰ ਦਾ ਨਾਂ, ਬੈਂਡ ਦਾ ਨਾਂ ਅਤੇ ਨੰਬਰ, ਅਤੇ ਚਿੱਠੀ 'ਤੇ ਦਸਖਤ ਕਰਨ ਵਾਲੇ ਬੈਂਡ ਮੈਂਬਰ ਦਾ ਨਾਂ ਲਿਖੋ<br>> ਖਰੀਦਦਾਰ ਦੇ ਦਸਖਤ ਕਰਵਾਉ<br><br>***ਵਿਅਕਤੀ ਅਤੇ ਬੈਂਡ***<br>> ਵਿਕਰੀ ਦੀ ਸ਼ਰਤ ਵਜੋਂ ਵਿਕਰੇਤਾ ਵਲੋਂ ਮਾਲ ਨੂੰ ਰੀਜ਼ਰਵ ਲੈਂਡ ਨੂੰ ਭੇਜੇ ਜਾਣ ਦਾ ਸਬੂਤ ਮਾਲ ਜਾਂ ਇਸ ਚੀਜ਼ ਦਾ ਸਬੂਤ ਕਿ ਵਿਕਰੀ ਰੀਜ਼ਰਵ ਲੈਂਡ 'ਤੇ ਹੋਈ ਹੈ |
| ਸਟੈਟਸ ਇੰਡੀਅਨਾਂ ਅਤੇ ਇੰਡੀਅਨ ਬੈਂਡਜ਼ ਨੂੰ ਲੀਜ਼ ਕੀਤਾ ਗਿਆ ਮਾਲ<br>(ਅੱਗੇ, ਸਫਾ 7 ਦੇਖੋ) | ***ਵਿਅਕਤੀ***<br>> ਲੀਜ਼ ਕਰਨ ਵਾਲੇ ਦਾ ਫੈਡਰਲ ਸਰਕਾਰ ਵਲੋਂ ਜਾਰੀ ਕੀਤਾ ਗਿਆ *ਇੰਡੀਅਨ ਦੇ ਦਰਜੇ ਦਾ ਸਰਟੀਫਿਕੇਟ ਸ਼ਨਾਖਤੀ ਕਾਰਡ* ਦੇਖਣ ਦੀ ਮੰਗ ਕਰੋ |

| ਛੋਟ | ਸਾਬਤ ਕਰਨ ਲਈ ਕਾਗਜ਼-ਪੱਤਰ |
|---|---|
| *(ਸਫਾ 6 ਤੋਂ ਅੱਗੇ)*<br>ਸਟੈਟਸ ਇੰਡੀਅਨਾਂ ਅਤੇ ਇੰਡੀਅਨ ਬੈਂਡਜ਼ ਨੂੰ ਲੀਜ਼ ਕੀਤਾ ਗਿਆ ਮਾਲ, ਅੱਗੇ | > ਚੈੱਕ ਕਰੋ ਕਿ ਫੋਟੋ ਲੀਜ਼ਕਰਤਾ ਦੀ ਹੈ<br>> ਲੀਜ਼ਕਰਤਾ ਦਾ ਨਾਂ, ਬੈਂਡ ਦਾ ਨਾਂ ਅਤੇ ਨੰਬਰ ਜਾਂ ਕਾਰਡ ਤੋਂ ਰਜਿਸਟਰੇਸ਼ਨ ਨੰਬਰ ਲਿਖੋ।<br>> ਇਹ ਸਬੂਤ ਲਵੋ ਕਿ ਲੀਜ਼ਕਰਤਾ ਰੀਜ਼ਰਵ ਲੈਂਡ 'ਤੇ ਰਹਿੰਦਾ ਹੈ<br>> ਲੀਜ਼ਕਰਤਾ ਦੇ ਦਸਖਤ ਕਰਵਾਉ<br>**ਬੈਂਡ**<br>> ਲੀਜ਼ਕਰਤਾ ਲਈ ਇੰਡੀਅਨ ਬੈਂਡ ਦੀ ਤਰਫੋਂ ਲੀਜ਼ ਕਰਨ ਦਾ ਲਿਖਤੀ ਅਧਿਕਾਰ ਦਿਖਾਉਣਾ ਜ਼ਰੂਰੀ ਹੈ<br>> ਇਹ ਪੱਕਾ ਕਰਨ ਲਈ ਲੀਜ਼ਕਰਤਾ ਦੀ ਪਛਾਣ ਚੈੱਕ ਕਰੋ ਕਿ ਨਾਂ ਚਿੱਠੀ ਉਪਰਲੇ ਅਧਿਕਾਰਤ ਨਾਂ ਨਾਲ ਮੇਲ ਖਾਂਦਾ ਹੈ<br>> ਲੀਜ਼ਕਰਤਾ ਦਾ ਨਾਂ, ਬੈਂਡ ਦਾ ਨਾਂ ਅਤੇ ਨੰਬਰ, ਅਤੇ ਚਿੱਠੀ 'ਤੇ ਦਸਖਤ ਕਰਨ ਵਾਲੇ ਬੈਂਡ ਮੈਂਬਰ ਦਾ ਨਾਂ ਲਿਖੋ<br>> ਲੀਜ਼ਕਰਤਾ ਦੇ ਦਸਖਤ ਕਰਵਾਉ<br><br>ਕਿਰਪਾ ਕਰਕੇ **ਬੁਲੇਟਿਨ SST 046**, *ਇਗਜ਼ੈਂਪਸ਼ਨ ਫਾਰ ਇੰਡੀਅਨਜ਼ ਐਂਡ ਇੰਡੀਅਨ ਬੈਂਡਜ਼* ਅਤੇ, **SST 034**, *ਪ੍ਰੋਸੀਜ਼ਰਜ਼ ਫਾਰ ਮੇਕਿੰਗ ਇਗਜ਼ੈਂਪਟ ਸੇਲਜ਼ ਔਰ ਲੀਜ਼ਜ਼ ਟੂ ਇੰਡੀਅਨਜ਼ ਐਂਡ ਇੰਡੀਅਨ ਬੈਂਡਜ਼* ਦੇਖੋ |
| ਡਿਪਲੋਮੈਟਿਕ ਅਤੇ ਕੌਂਸਲਰ ਕੌਰਪਸ ਦੇ ਮੈਂਬਰਾਂ ਨੂੰ ਵਿਕਰੀ | > ਖਰੀਦਦਾਰ ਦਾ ਫੌਰਨ ਅਫੇਅਰਜ਼ ਕੈਨੇਡਾ ਵਲੋਂ ਜਾਰੀ ਕੀਤਾ ਗਿਆ ਸ਼ਨਾਖਤੀ ਕਾਰਡ ਦੇਖਣ ਦੀ ਮੰਗ ਕਰੋ<br>> ਚੈੱਕ ਕਰੋ ਕਿ ਫੋਟੋ ਖਰੀਦਦਾਰ ਦੀ ਹੈ<br>> ਚੈੱਕ ਕਰੋ ਕਿ ਕੀ ਕਾਰਡ ਦੇ ਪਿਛਲੇ ਪਾਸੇ ਬ੍ਰਿਟਿਸ਼ ਕੋਲੰਬੀਆ ਲਿਖਿਆ ਹੋਇਆ ਹੈ<br>> ਚੈੱਕ ਕਰੋ ਕਿ ਕਾਰਡ ਦੀ ਮਿਆਦ ਤਾਂ ਨਹੀਂ ਲੰਘੀ ਹੋਈ<br>> ਕਾਰਡ ਤੋਂ ਖਰੀਦਦਾਰ ਦਾ ਨਾਂ, ਕਾਰਡ ਨੰਬਰ ਅਤੇ ਮਿਆਦ ਲੰਘਣ ਦੀ ਤਰੀਕ ਲਿਖੋ।<br>> ਖਰੀਦਦਾਰ ਦੇ ਦਸਖਤ ਕਰਵਾਉ (ਇਹ ਪੱਕਾ ਕਰੋ ਕਿ ਇਹ ਕਾਰਡ ਉਪਰਲੇ ਦਸਖਤਾਂ ਨਾਲ ਮੇਲ ਖਾਂਦੇ ਹੋਣ)<br><br>ਕਿਰਪਾ ਕਰਕੇ **ਬੁਲੇਟਿਨ GEN 007**, *ਇਗਜ਼ੈਂਪਸ਼ਨ ਫਾਰ ਮੈਂਬਰਜ਼ ਆਫ ਦਾ ਡਿਪਲੋਮੈਟਿਕ ਐਂਡ ਕੌਂਸਲਰ ਕੌਰਪਸ* ਅਤੇ, **GEN 006**, *ਇਗਜ਼ੈਂਪਸ਼ਨ ਫਾਰ ਮੈਂਬਰਜ਼ ਆਫ ਦਾ ਡਿਪਲੋਮੈਟਿਕ ਐਂਡ ਕੌਂਸਲਰ ਕੌਰਪਸ: ਇਨਸਟਰੱਕਸ਼ਨਜ਼ ਟੂ ਵੈਂਡਰਜ਼ ਐਂਡ ਓਪਰੇਟਰਜ਼* ਦੇਖੋ |

## ਜ਼ਮੀਨੀ-ਜਾਇਦਾਦ

ਜ਼ਮੀਨੀ-ਜਾਇਦਾਦ (ਰੀਅਲ ਪ੍ਰਾਪਰਟੀ), ਜ਼ਮੀਨ ਅਤੇ ਜ਼ਮੀਨ ਨਾਲ ਪੱਕੇ ਤੌਰ 'ਤੇ ਜੁੜੀਆਂ ਚੀਜ਼ਾਂ ਹਨ (ਬਿਲਡਿੰਗਾਂ ਅਤੇ ਢਾਂਚੇ)। ਜ਼ਮੀਨੀ-ਜਾਇਦਾਦ ਦੀ ਵਿਕਰੀ ਅਤੇ ਲੀਜ਼ ਉੱਪਰ ਜਾਂ ਜ਼ਮੀਨੀ-ਜਾਇਦਾਦ ਲਈ ਸੇਵਾਵਾਂ ਉੱਪਰ ਕੋਈ ਪੀ ਐੱਸ ਟੀ ਨਹੀਂ ਹੈ।

| ਜ਼ਮੀਨੀ-ਜਾਇਦਾਦ ਵਿਚ ਸ਼ਾਮਲ ਹੈ... | ਜ਼ਮੀਨੀ-ਜਾਇਦਾਦ ਵਿਚ ਸ਼ਾਮਲ ਨਹੀਂ ਹੈ... |
|---|---|
| ਬਿਲਡਿੰਗਾਂ | ਇਮਾਰਤੀ ਸਾਮੱਗਰੀ, ਜਿਵੇਂ ਕਿ 2x4ਆਂ, ਡਰਾਈਵਾਲ ਅਤੇ ਫਲੋਰਿੰਗ |
| ਡਰਾਈਵ-ਵੇਅ ਅਤੇ ਸੜਕਾਂ | ਸੜਕਾਂ ਅਤੇ ਡਰਾਈਵ-ਵੇਅ ਬਣਾਉਣ ਲਈ ਵਰਤੀ ਜਾਣ ਵਾਲੀ ਸਾਮੱਗਰੀ ਜਿਵੇਂ ਕਿ ਰੇਤਾ, ਬਜਰੀ ਅਤੇ ਲੁੱਕ |
| ਫੈਂਸਾਂ | ਫੈਂਸਾਂ ਬਣਾਉਣ ਲਈ ਸਾਮੱਗਰੀ ਜਿਵੇਂ ਕਿ ਲੱਕੜੀ ਦੀਆਂ ਫੱਟੀਆਂ, ਚੇਨ ਲਿੰਕ ਅਤੇ ਮੇਖਾਂ |
| ਧਰਤੀ ਵਿੱਚ ਪੁੱਟੇ ਤਲਾਅ (ਸਵਿੰਮਿੰਗ ਪੂਲ) | ਚੱਕਵੇਂ ਅਤੇ ਧਰਤੀ ਤੋਂ ਉਪਰਲੇ ਤਲਾਅ (ਸਵਿੰਮਿੰਗ ਪੂਲ) |
| ਪੈਟੀਓ | ਪੈਟੀਓ ਬਣਾਉਣ ਲਈ ਸਾਮੱਗਰੀ ਜਿਵੇਂ ਕਿ ਪੇਵਰਜ਼, ਸਲੈਬਜ਼ ਅਤੇ ਕੰਕਰੀਟ |
| ਹੋਈ ਪਲੰਬਿੰਗ ਅਤੇ ਲੱਗੀਆਂ ਲਾਈਟਾਂ | ਅਣਲੱਗੀ ਪਲੰਬਿੰਗ ਅਤੇ ਲਾਈਟਾਂ |
| ਪਾਣੀ ਦੇ ਹੀਟਰ | ਅਣਲੱਗੇ ਪਾਣੀ ਦੇ ਹੀਟਰ |
| ਬਿਲਡਿੰਗਾਂ ਜਾਂ ਜ਼ਮੀਨ ਨਾਲ ਜੁੜੇ ਹੋਏ ਸਾਈਨ | ਆਰਜ਼ੀ ਸਾਈਨ, ਜਿਵੇਂ ਕਿ ਰੀਅਲ ਇਸਟੇਟ ਸਾਈਨ ਅਤੇ ਸੈਂਡਵਿਚ ਬੋਰਡ ਸਾਈਨ |

ਜ਼ਮੀਨੀ-ਜਾਇਦਾਦਾਂ 'ਤੇ ਕੰਮ ਕਰਨ ਵਾਲੇ ਉਨ੍ਹਾਂ ਠੇਕੇਦਾਰਾਂ ਨੂੰ ਜੋ ਦੂਜਿਆਂ ਲਈ ਇਮਾਰਤਾਂ ਉਸਾਰਦੇ ਹਨ, ਮੁਰੰਮਤ ਕਰਦੇ ਹਨ ਜਾਂ ਉਨ੍ਹਾਂ ਵਿਚ ਸੁਧਾਰ ਕਰਦੇ ਹਨ ਨੂੰ ਜ਼ਮੀਨੀ-ਜਾਇਦਾਦ ਦੇ ਕੌਨਟਰੈਕਟਾਂ ਵਿਚ ਟੀ ਪੀ ਪੀ 'ਤੇ ਪੀ ਐੱਸ ਟੀ ਲਾਗੂ ਹੋਣ ਬਾਰੇ ਜਾਣਕਾਰੀ ਲੈਣ ਲਈ **ਬੁਲੇਟਿਨ SST 072**, *ਰੀਅਲ ਪ੍ਰਾਪਰਟੀ ਕੌਨਟਰੈਕਟਰਜ਼* ਦੇਖਣਾ ਚਾਹੀਦਾ ਹੈ।

ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਤੁਸੀਂ ਉਸ ਕਾਰੋਬਾਰ ਨੂੰ ਸਮਝਦੇ ਹੋ ਜਿਹੜਾ ਅਸੀਂ ਤੁਹਾਡੇ ਨਾਲ ਕਰ ਰਹੇ ਹਾਂ, ਜਿਵੇਂ ਕਿ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ* ਵਿਚ ਦੱਸਿਆ ਗਿਆ ਹੈ।

# ਪੀ ਐੱਸ ਟੀ ਲਈ ਰਜਿਸਟਰੇਸ਼ਨ

## ਕੀ ਮੈਨੂੰ ਵੈਂਡਰ (ਮਾਲ ਵੇਚਣ ਵਾਲੇ) ਵਜੋਂ ਰਜਿਸਟਰ ਹੋਣ ਦੀ ਲੋੜ ਹੈ?

ਤੁਹਾਡੇ ਲਈ ਮਾਲ ਵੇਚਣ ਵਾਲੇ ਵਜੋਂ ਰਜਿਸਟਰ ਹੋਣਾ ਜ਼ਰੂਰੀ ਹੈ ਜੇ ਤੁਸੀਂ:

> ਨੇਮ ਨਾਲ ਟੈਕਸ ਲੱਗਣ ਯੋਗ ਚੀਜ਼ਾਂ ਵੇਚਦੇ ਹੋ, ਜਿਸ ਵਿਚ ਸ਼ਰਾਬ ਜਾਂ ਤੰਬਾਕੂ ਸ਼ਾਮਲ ਹਨ (ਸ਼ਰਾਬ ਦਾ ਲਾਇਸੰਸ ਲੈਣ ਲਈ ਰਜਿਸਟਰ ਹੋਣ ਤੋਂ ਪਹਿਲਾਂ ਤੁਹਾਨੂੰ ਪੀ ਐੱਸ ਟੀ ਨੰਬਰ ਲਈ ਰਜਿਸਟਰ ਹੋਣ ਦੀ ਲੋੜ ਹੈ)
> ਲੀਜ਼ ਦੇਣ ਵਾਲੇ ਵਜੋਂ ਟੈਕਸ ਲੱਗਣ ਯੋਗ ਚੀਜ਼ਾਂ ਲੀਜ਼ ਕਰਦੇ ਹੋ
> ਕਾਨੂੰਨੀ ਸੇਵਾਵਾਂ ਦਿੰਦੇ ਹੋ
> ਸਾਊਥ ਕੋਸਟ ਬ੍ਰਿਟਿਸ਼ ਕੋਲੰਬੀਆ ਟ੍ਰਾਂਸਪੋਰਟੇਸ਼ਨ ਸਰਵਿਸ ਰੀਜਨ ਵਿਚ ਪਾਰਕਿੰਗ ਦੇ ਹੱਕ ਵੇਚਦੇ ਹੋ
> ਟੈਕਸ ਲੱਗਣ ਯੋਗ ਸੇਵਾਵਾਂ ਦਿੰਦੇ ਹੋ
> ਟੈਲੀਕਮਿਉਨੀਕੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹੋ
> ਪ੍ਰੋਪੇਨ ਵੇਚਦੇ ਹੋ
> ਲਿਕੁਈਡੇਟਰ, ਰਿਸੀਵਰ, ਰਿਸੀਵਰ-ਮੈਨੇਜਰ ਜਾਂ ਟਰੱਸਟੀ ਦੇ ਤੌਰ 'ਤੇ ਕੰਮ ਕਰਦੇ ਹੋ ਅਤੇ ਆਪਣਾ ਕਾਰੋਬਾਰ ਕਰਨ ਲਈ ਜਾਇਦਾਦ ਵੇਚਦੇ ਹੋ

ਜੇ ਤੁਸੀਂ ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਸਥਿਤ ਹੋ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਮਾਲ ਵੇਚਦੇ ਹੋ ਤਾਂ ਤੁਹਾਨੂੰ ਬ੍ਰਿਟਿਸ਼ ਕੋਲੰਬੀਆ ਵਿਚ ਵੈਂਡਰ ਵਜੋਂ ਰਜਿਸਟਰ ਹੋਣ ਦੀ ਲੋੜ ਹੋ ਸਕਦੀ ਹੈ। ਇਹ ਪਤਾ ਲਾਉਣ ਕਿ ਕੀ ਤੁਹਾਨੂੰ ਜ਼ਰੂਰ ਹੀ ਰਜਿਸਟਰ ਹੋਣ ਦੀ ਲੋੜ ਹੈ, ਕਿਰਪਾ ਕਰਕੇ **ਬੁਲੇਟਿਨ SST 074**, *ਆਊਟ-ਔਫ-ਪ੍ਰੋਵਿੰਸ ਸੈੱਲਰਜ਼* ਦੇਖੋ।

## ਕਿਸ ਨੂੰ ਰਜਿਸਟਰ ਹੋਣ ਦੀ ਲੋੜ ਨਹੀਂ ਹੈ?

ਤੁਹਾਨੂੰ ਵੈਂਡਰ (ਮਾਲ ਵੇਚਣ ਵਾਲੇ) ਵਜੋਂ ਰਜਿਸਟਰ ਹੋਣ ਦੀ ਲੋੜ ਨਹੀਂ ਹੈ ਜੇ ਤੁਸੀਂ:

> ਸਿਰਫ ਟੈਕਸ ਨਾ ਲੱਗਣ ਯੋਗ ਚੀਜ਼ਾਂ ਹੀ ਵੇਚਦੇ ਜਾਂ ਲੀਜ਼ ਕਰਦੇ ਹੋ (ਜਿਵੇਂ ਮਨੁੱਖੀ ਖਪਤ ਲਈ ਖੁਰਾਕ);
> ਸਿਰਫ ਟੈਕਸ ਨਾ ਲੱਗਣ ਯੋਗ ਸੇਵਾਵਾਂ ਹੀ ਪ੍ਰਦਾਨ ਕਰਦੇ ਹੋ (ਜਿਵੇਂ ਡਰਾਈ ਕਲੀਨਿੰਗ, ਅਕਾਊਂਟਿੰਗ ਅਤੇ ਹੇਅਰਡਰੈਸਿੰਗ);
> ਕਾਰੋਬਾਰ ਵਿਚ ਨਹੀਂ ਹੋ ਪਰ ਕਦੇ ਕਦੇ ਚੀਜ਼ਾਂ ਗਰਾਜ ਸੇਲ, ਫਲੀ ਮਾਰਕੀਟਾਂ, ਕਰਾਫਟ ਮੇਲਿਆਂ ਜਾਂ ਫੰਡ ਇਕੱਠੇ ਕਰਨ ਲਈ ਸੇਲਾਂ ਵਿਚ ਵੇਚਦੇ ਹੋ। (**ਅਣਰਜਿਸਟਰ ਕਾਰੋਬਾਰਾਂ ਲਈ ਸ਼ਰਤਾਂ** ਵਾਲਾ ਭਾਗ ਦੇਖੋ);
> ਥੋਕ ਦੇ ਵਪਾਰੀ ਜਾਂ ਚੀਜ਼ਾਂ ਤਿਆਰ ਕਰਨ ਵਾਲੇ ਹੋ ਅਤੇ ਚੀਜ਼ਾਂ ਸਿੱਧੀਆਂ ਨਹੀਂ ਵੇਚਦੇ।

## ਜੇ ਮੇਰੀ ਵਿਕਰੀ ਥੋੜ੍ਹੀ ਜਿਹੀ ਹੋਵੇ ਤਾਂ ਕੀ ਮੈਨੂੰ ਫਿਰ ਵੀ ਰਜਿਸਟਰ ਹੋਣ ਦੀ ਲੋੜ ਹੈ?

ਇਹ ਨਿਰਭਰ ਕਰਦਾ ਹੈ। ਕੁਝ ਲੋਕ ਅਤੇ ਗਰੁੱਪ ਜਿਹੜੇ ਕਦੇ ਕਦੇ ਪ੍ਰਚੂਨ ਵਿਕਰੀ ਕਰਦੇ ਹਨ (ਜਿਵੇਂ ਘਰ ਤੋਂ ਸ਼ਿਲਪਕਾਰੀ ਦਾ ਕੰਮ ਕਰਨ ਵਾਲੇ ਵਿਅਕਤੀ ਅਤੇ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ ਕੁਝ ਸੰਸਥਾਵਾਂ) ਇਹ ਚੋਣ ਕਰਨ ਦੇ ਯੋਗ ਹੋ ਸਕਦੇ ਹਨ ਕਿ ਕੀ ਉਨ੍ਹਾਂ ਨੇ ਪੀ ਐੱਸ ਟੀ ਲਈ ਰਜਿਸਟਰ ਹੋਣਾ ਹੈ ਅਤੇ ਇਹ ਇਕੱਠਾ ਕਰਨਾ ਹੈ ਜਾਂ ਨਹੀਂ। ਇਹ ਚੋਣ ਕਰਨ ਦੇ ਯੋਗ ਹੋਣ ਲਈ, ਤੁਹਾਡੇ ਲਈ ਅੱਗੇ ਲਿਖੀਆਂ ਸ਼ਰਤਾਂ ਪੂਰੀਆਂ ਕਰਨਾ ਜ਼ਰੂਰੀ ਹੈ:

> ਯੋਗ ਚੀਜ਼ਾਂ ਅਤੇ ਸੇਵਾਵਾਂ ਦੀ 10,000 ਡਾਲਰ ਜਾਂ ਘੱਟ ਦੀ ਕੁੱਲ ਸਾਲਾਨਾ ਵਿਕਰੀ,
> ਸਥਾਪਤ ਕਮਰਸ਼ੀਅਲ ਸਥਾਨਾਂ ਤੋਂ ਨੇਮ ਨਾਲ ਚੀਜ਼ਾਂ ਜਾਂ ਸੇਵਾਵਾਂ ਦੀ ਵਿਕਰੀ ਨਹੀਂ ਕਰਦੇ ਜਾਂ ਲੀਜ਼ 'ਤੇ ਨਹੀਂ ਦਿੰਦੇ, ਅਤੇ
> ਕੋਈ ਸਥਾਪਤ ਕਾਰੋਬਾਰੀ ਸਥਾਨ ਨਹੀਂ ਹੈ।

ਜੇ ਤੁਸੀਂ ਇਹ ਸੋਚਦੇ ਹੋ ਕਿ ਤੁਸੀਂ ਇਖਤਿਆਰੀ ਰਜਿਸਟਰੇਸ਼ਨ ਲਈ ਯੋਗ ਹੋ ਤਾਂ ਤੁਹਾਨੂੰ ਸਾਡੇ ਵੈੱਬਸਾਈਟ **www.sbr.gov.bc.ca/business/Consumer_Taxes/Provincial_Sales_Tax/notices.htm** 'ਤੇ *ਨਿਊ ਰਜਿਸਟਰੇਸ਼ਨ ਐਂਡ ਕੋਲੈਕਸ਼ਨ ਥਰੈੱਸ਼ਹੋਲਡ* ਨਾਂ ਦਾ ਨੋਟਿਸ ਪੜ੍ਹਨਾ ਚਾਹੀਦਾ ਹੈ। ਜੇ ਤੁਸੀਂ ਉਪਰ ਲਿਖੀਆਂ ਸਾਰੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਤਾਂ ਤੁਹਾਡੇ ਲਈ ਮਾਲ ਵੇਚਣ ਵਾਲੇ ਵਜੋਂ ਰਜਿਸਟਰ ਹੋਣਾ ਜ਼ਰੂਰੀ ਹੈ, ਭਾਵੇਂ ਤੁਹਾਡੀ ਵਿਕਰੀ ਘੱਟ ਹੀ ਹੋਵੇ।

## ਪੀ ਐੱਸ ਟੀ ਲਈ ਰਜਿਸਟਰ ਹੋਣ ਅਤੇ ਇਕੱਠਾ ਕਰਨ ਦੇ ਮੈਨੂੰ ਕੀ ਫਾਇਦੇ ਹਨ?

ਜਦੋਂ ਤੁਸੀਂ ਮਾਲ ਵੇਚਣ ਵਾਲੇ ਵਜੋਂ ਰਜਿਸਟਰ ਹੁੰਦੇ ਹੋ ਤਾਂ ਅਸੀਂ ਤੁਹਾਨੂੰ ਸੂਬੇ ਦੀ ਤਰਫੋਂ ਪੀ ਐੱਸ ਟੀ ਇਕੱਠਾ ਕਰਨ ਅਤੇ ਸੂਬੇ ਨੂੰ ਦੇਣ ਲਈ ਕਮਿਸ਼ਨ ਦਿੰਦੇ ਹਾਂ। ਇਹ ਕਮਿਸ਼ਨ ਰਿਪੋਰਟ ਕਰਨ ਦੇ ਸਮੇਂ ਦੌਰਾਨ ਤੁਹਾਡੇ ਵਲੋਂ ਟੈਕਸ ਦੀ ਇਕੱਠੀ ਕੀਤੀ

ਗਈ ਰਕਮ 'ਤੇ ਆਧਾਰਿਤ ਹੁੰਦਾ ਹੈ, ਜੋ ਕਿ ਵੱਧ ਤੋਂ ਵੱਧ 198 ਡਾਲਰ ਹੁੰਦਾ ਹੈ। (**ਮੈਂ ਆਪਣੇ ਕਮਿਸ਼ਨ ਦਾ ਹਿਸਾਬ ਕਿਵੇਂ ਲਾਵਾਂ?** ਵਾਲਾ ਭਾਗ ਦੇਖੋ)।

## ਮੈਂ ਮਾਲ ਵੇਚਣ ਵਾਲੇ ਵਜੋਂ ਰਜਿਸਟਰ ਕਿਵੇਂ ਹੋਵਾਂ?

ਤੁਸੀਂ *ਐਪਲੀਕੇਸ਼ਨ ਫਾਰ ਰਜਿਸਟਰੇਸ਼ਨ ਐਜ਼ ਏ ਵੈਂਡਰ ਫਾਰਮ* (**FIN 418**) ਮੁਕੰਮਲ ਕਰਕੇ ਅਤੇ ਸਾਨੂੰ ਭੇਜ ਕੇ ਵੈਂਡਰ ਵਜੋਂ ਰਜਿਸਟਰ ਹੁੰਦੇ ਹੋ। ਮਨਿਸਟਰੀ ਆਫ ਸਮਾਲ ਬਿਜ਼ਨਸ ਐਂਡ ਰੈਵੇਨਿਊ ਨਾਲ ਵੈਂਡਰ ਵਜੋਂ ਰਜਿਸਟਰ ਹੋਣ ਦੀ ਕੋਈ ਫੀਸ ਨਹੀਂ ਹੈ। ਤੁਸੀਂ ਅੱਗੇ ਲਿਖੇ ਤਰੀਕਿਆਂ ਵਿੱਚੋਂ ਕਿਸੇ ਇਕ ਰਾਹੀਂ ਮਨਿਸਟਰੀ ਨਾਲ ਰਜਿਸਟਰ ਹੋ ਸਕਦੇ ਹੋ:

- ਵੰਨਸਟੌਪ ਬਿਜ਼ਨਸ ਰਜਿਸਟਰੀ ਰਾਹੀਂ (**www.bcbusinessregistry.ca**) ਇੰਟਰਨੈੱਟ 'ਤੇ ਜਾਂ ਸੂਬੇ ਭਰ ਵਿਚ ਸਥਿਤ ਕਿਸੇ ਇਕ ਕੀਆਸਕ ਵਿਖੇ
- *ਐਪਲੀਕੇਸ਼ਨ ਫਾਰ ਰਜਿਸਟਰੇਸ਼ਨ ਐਜ ਏ ਵੈਂਡਰ ਫਾਰਮ* (**FIN 418**) ਭਰੋ ਜਿਹੜਾ ਕਿ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਇਕ ਤਰੀਕੇ ਰਾਹੀਂ ਲੈ ਅਤੇ ਦਰਜ ਕਰਵਾ ਸਕਦੇ ਹੋ:
  - ਮਨਿਸਟਰੀ ਦੇ ਵੈੱਬਸਾਈਟ **www.sbr.gov.bc.ca/business/ Consumer_Taxes/ Provincial_Sales_Tax/forms.htm** ਤੋਂ
  - ਵਿਕਟੋਰੀਆ ਵਿਚ ਮਨਿਸਟਰੀ ਦੇ ਦਫਤਰ 1802 Douglas Street ਜਾਂ ਵੈਨਕੂਵਰ ਵਿਚ Suite 800 – 360 West Georgia Street 'ਤੇ ਆਪ ਜਾ ਕੇ
  - ਸੂਬੇ ਭਰ ਵਿਚ ਸਥਿਤ ਕਿਸੇ ਵੀ ਸਰਵਿਸ ਬੀ ਸੀ ਸੈਂਟਰ ਵਿਚ ਜਾ ਕੇ (**www.servicebc.gov.bc.ca**)

ਮਨਿਸਟਰੀ ਵਲੋਂ ਤੁਹਾਡੀ ਅਰਜ਼ੀ 'ਤੇ ਕਾਰਵਾਈ ਕਰਨ ਅਤੇ ਤੁਹਾਡੇ ਰਜਿਸਟਰ ਹੋਣ ਦੇ ਯੋਗ ਹੋਣ ਤੋਂ ਬਾਅਦ ਤੁਹਾਨੂੰ ਇਹ ਚੀਜ਼ਾਂ ਦਿੱਤੀਆਂ ਜਾਣਗੀਆਂ:

- *ਰਜਿਸਟਰੇਸ਼ਨ ਦਾ ਸਰਟੀਫਿਕੇਟ*, ਜਿਸ ਵਿਚ ਤੁਹਾਡਾ ਪੀ ਐੱਸ ਟੀ ਰਜਿਸਟਰੇਸ਼ਨ ਨੰਬਰ ਸ਼ਾਮਲ ਹੁੰਦਾ ਹੈ
- ਇਹ ਜਾਣਕਾਰੀ ਕਿ ਤੁਸੀਂ ਪੀ ਐੱਸ ਟੀ ਕਿਵੇਂ ਲੈਣਾ ਅਤੇ ਭੇਜਣਾ ਹੈ, ਜਿਸ ਵਿਚ **ਬੁਲੇਟਿਨ SST 032**, *ਕਮਪਲੀਟਿੰਗ ਦਾ ਸੋਸ਼ਲ ਸਰਵਿਸ ਟੈਕਸ ਰੀਟਰਨ* ਵੀ ਸ਼ਾਮਲ ਹੈ
- ਨੇਮ ਨਾਲ ਟੈਕਸ ਰੀਟਰਨ ਫਾਰਮ ਭੇਜੇ ਜਾਣਗੇ

## ਰਜਿਸਟਰ ਹੋਣ ਲਈ ਮੈਨੂੰ ਕਿਹੜੀ ਜਾਣਕਾਰੀ ਦੀ ਲੋੜ ਹੈ?

ਹੇਠਾਂ ਉਸ ਜਾਣਕਾਰੀ ਦੀ ਸੂਚੀ ਦਿੱਤੀ ਗਈ ਹੈ ਜਿਸ ਦੀ ਤੁਹਾਨੂੰ ਲੋੜ ਪੈ ਸਕਦੀ ਹੈ।

- ☐ ਇਕ ਇਨਕਾਰਪੋਰੇਸ਼ਨ ਨੰਬਰ (ਜੇ ਤੁਸੀਂ ਕਾਰਪੋਰੇਸ਼ਨ, ਸੁਸਾਇਟੀ ਜਾਂ ਐਸੋਸੀਏਸ਼ਨ ਦੇ ਤੌਰ 'ਤੇ ਰਜਿਸਟਰ ਹੋ ਰਹੇ ਹੋ) ਅਤੇ ਜੇ ਤੁਸੀਂ ਬ੍ਰਿਟਿਸ਼ ਕੋਲੰਬੀਆ ਦੀ ਕਾਰਪੋਰੇਸ਼ਨ ਨਹੀਂ ਹੋ ਤਾਂ ਆਪਣੇ ਇਨਕਾਰਪੋਰੇਸ਼ਨ ਦੇ ਸਰਟੀਫਿਕੇਟ ਦੀ ਇਕ ਕਾਪੀ। ਕਾਰਪੋਰੇਟ ਰਜਿਸਟਰੀ ਨਾਲ ਸਰਵਿਸ ਬੀ ਸੀ ਰਾਹੀਂ 1 800 663-7867 'ਤੇ ਮੁਫਤ ਫੋਨ ਕਰਕੇ ਜਾਂ **www.fin.gov.bc.ca/registries/corppg/** ਵੈੱਬਸਾਈਟ 'ਤੇ ਸੰਪਰਕ ਕਰੋ।
- ☐ ਬਿਜ਼ਨਸ ਨੰਬਰ ਜੇ ਤੁਹਾਡੇ ਕੋਲ ਹੈ (ਤੁਹਾਡੇ ਕੋਲ ਪਹਿਲਾਂ ਹੀ ਬਿਜ਼ਨਸ ਨੰਬਰ ਹੋ ਸਕਦਾ ਹੈ ਜੇ ਤੁਸੀਂ ਜੀ ਐੱਸ ਟੀ ਇਕੱਠੀ ਕਰਦੇ ਹੋ, ਤੁਹਾਡਾ ਕਾਰੋਬਾਰ ਇਨਕਾਰਪੋਰੇਟਿਡ ਹੈ, ਤੁਹਾਡੇ ਕੋਲ ਮੁਲਾਜ਼ਮ ਕੰਮ ਕਰਦੇ ਹਨ, ਤੁਸੀਂ ਮਾਲ ਬਾਹਰੋਂ ਮੰਗਵਾਉਂਦੇ ਜਾਂ ਬਾਹਰ ਭੇਜਦੇ ਹੋ, ਤੁਹਾਡਾ ਕਾਰੋਬਾਰ ਇਕ ਰਜਿਸਟਰਸ਼ੁਦਾ ਖੈਰਾਤੀ ਸੰਸਥਾ (ਚੈਰਿਟੀ) ਹੈ ਜਾਂ ਤੁਸੀਂ ਵਰਕਸੇਫ ਬੀ ਸੀ ਨਾਲ ਰਜਿਸਟਰ ਹੋਏ ਹੋ)।
- ☐ ਜੇ ਤੁਸੀਂ ਬ੍ਰਿਟਿਸ਼ ਕੋਲੰਬੀਆ ਵਿਚ ਗਾਹਕਾਂ ਨੂੰ ਗੱਡੀਆਂ (ਗੈਰ-ਕਮਰਸ਼ੀਅਲ) ਵੇਚਣ ਜਾਂ ਲੀਜ਼ 'ਤੇ ਦੇਣ ਦੀ ਵਿਉਂਤ ਬਣਾ ਰਹੇ ਹੋ ਤਾਂ ਮੋਟਰ ਡੀਲਰ ਲਾਇਸੰਸ ਨੰਬਰ। **ਕਿਰਪਾ ਕਰਕੇ ਨੋਟ ਕਰੋ:** ਤੁਹਾਨੂੰ ਸਾਡੇ ਨਾਲ ਰਜਿਸਟਰ ਹੋਣ ਤੋਂ ਪਹਿਲਾਂ ਡੀਲਰ ਵਜੋਂ ਰਜਿਸਟਰ ਹੋਣ ਦੀ ਲੋੜ ਪਵੇਗੀ। ਜੇ ਤੁਹਾਡੇ ਕੋਲ ਮੋਟਰ ਡੀਲਰ ਦਾ ਲਾਇਸੰਸ ਨਹੀਂ ਹੈ ਤਾਂ ਤੁਸੀਂ ਵੈਂਡਰ ਵਜੋਂ ਰਜਿਸਟਰ ਹੋਣ ਦੇ ਯੋਗ ਨਹੀਂ ਹੋਵੋਗੇ। ਤੁਹਾਨੂੰ ਮੁੜ ਕੇ ਵੇਚਣ ਲਈ ਜਾਂ ਲੀਜ਼ 'ਤੇ ਦੇਣ ਲਈ ਖਰੀਦੀਆਂ ਜਾਣ ਵਾਲੀਆਂ ਗੱਡੀਆਂ 'ਤੇ ਪੀ ਐੱਸ ਟੀ ਦੇਣ ਦੀ ਲੋੜ ਪਵੇਗੀ ਅਤੇ ਦਿੱਤਾ ਪੀ ਐੱਸ ਟੀ ਵਾਪਸ ਲੈਣ ਲਈ ਅਪਲਾਈ ਕਰਨਾ ਪਵੇਗਾ। ਮੋਟਰ ਵਹੀਕਲ ਡੀਲਰ ਵਜੋਂ ਰਜਿਸਟਰ ਹੋਣ ਬਾਰੇ ਜਾਣਕਾਰੀ ਮੋਟਰ ਵਹੀਕਲ ਸੇਲਜ਼ ਅਥਾਰਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਵੈੱਬਸਾਈਟ **www.vehiclesalesauthority.com** ਤੋਂ ਮਿਲਦੀ ਹੈ।
- ☐ ਤੁਹਾਡੀ ਬਿਜ਼ਨਸ ਸ਼ੁਰੂ ਕਰਨ ਦੀ ਤਰੀਕ। ਰਜਿਸਟਰ ਹੋਣ ਦੇ ਮੰਤਵ ਲਈ ਤੁਸੀਂ ਸ਼ੁਰੂ ਕਰਨ ਦੀ ਆਪਣੀ ਅੰਦਾਜ਼ਨ ਤਰੀਕ ਲਿਖ ਸਕਦੇ ਹੋ ਅਤੇ ਬਿਜ਼ਨਸ ਸ਼ੁਰੂ ਹੋਣ 'ਤੇ ਪੱਕੀ ਤਰੀਕ ਦੱਸਣ ਲਈ ਸਾਨੂੰ ਫੋਨ ਕਰੋ।

- ☐ ਤੁਹਾਡੀ ਬੈਂਕ ਜਾਂ ਫਾਇਨੈਂਸ਼ਲ ਸੰਸਥਾ ਦਾ ਨਾਂ ਅਤੇ ਐਡਰੈਸ।
- ☐ ਜੇ ਤੁਸੀਂ ਤੰਬਾਕੂ ਜਾਂ ਸ਼ਰਾਬ ਵੇਚਦੇ ਹੋ ਤਾਂ ਤੁਹਾਡੇ ਲੀਜ਼ ਅਤੇ/ਜਾਂ ਖਰੀਦ ਦੇ ਐਗਰੀਮੈਂਟ ਦੀ ਵੀ ਲੋੜ ਹੋ ਸਕਦੀ ਹੈ। ਜੇ ਤੁਸੀਂ ਮਨਿਸਟਰੀ ਦੇ ਵੈਨਕੂਵਰ ਜਾਂ ਵਿਕਟੋਰੀਆ ਵਿਚਲੇ ਦਫਤਰ ਵਿਚ ਆਪ ਆ ਕੇ ਅਪਲਾਈ ਕਰਦੇ ਹੋ ਤਾਂ ਤੁਹਾਨੂੰ ਇਹ ਜਾਣਕਾਰੀ *ਰਜਿਸਟਰੇਸ਼ਨ ਦਾ ਸਰਟੀਫਿਕੇਟ* ਮਿਲਣ ਤੋਂ ਪਹਿਲਾਂ ਦੇਣ ਦੀ ਲੋੜ ਹੋ ਸਕਦੀ ਹੈ। ਜੇ ਤੁਸੀਂ ਇੰਟਰਨੈੱਟ 'ਤੇ ਅਪਲਾਈ ਕਰਦੇ ਹੋ ਤਾਂ ਅਸੀਂ ਇਹ ਜਾਣਕਾਰੀ ਤੁਹਾਡੇ ਤੋਂ ਬਾਅਦ ਵਿਚ ਮੰਗ ਸਕਦੇ ਹਾਂ।

## ਮੇਰੇ ਅਪਲਾਈ ਕਰਨ ਤੋਂ ਬਾਅਦ ਕੀ ਹੁੰਦਾ ਹੈ?

ਤੁਸੀਂ ਸਾਡੇ ਤੋਂ ਇਹ ਉਮੀਦ ਕਰ ਸਕਦੇ ਹੋ ਕਿ ਅਸੀਂ ਸਾਰੀ ਲੋੜੀਂਦੀ ਜਾਣਕਾਰੀ ਮਿਲਣ ਤੋਂ ਬਾਅਦ ਦੋ ਕਾਰੋਬਾਰੀ ਦਿਨਾਂ ਵਿਚ ਤੁਹਾਡੀ ਅਰਜ਼ੀ 'ਤੇ ਕਾਰਵਾਈ ਕਰਾਂਗੇ, ਜਿਵੇਂ ਕਿ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ* ਵਿਚ ਦੱਸਿਆ ਗਿਆ ਹੈ। ਤੁਹਾਡੀ ਅਰਜ਼ੀ 'ਤੇ ਕਾਰਵਾਈ ਮੁਕੰਮਲ ਹੋਣ ਬਾਅਦ ਅਸੀਂ ਤੁਹਾਨੂੰ *ਰਜਿਸਟਰੇਸ਼ਨ ਦਾ ਸਰਟੀਫਿਕੇਟ* ਭੇਜਾਂਗੇ ਜਿਸ ਉਪਰ ਤੁਹਾਡਾ ਪੀ ਐੱਸ ਟੀ ਰਜਿਸਟਰੇਸ਼ਨ ਨੰਬਰ ਦਰਜ ਹੋਵੇਗਾ। ਪੀ ਐੱਸ ਟੀ ਰਜਿਸਟਰੇਸ਼ਨ ਨੰਬਰ "ਆਰ" ਅਤੇ ਨਾਲ ਛੇ ਨੰਬਰਾਂ ਵਾਲਾ ਹੁੰਦਾ ਹੈ (ਜਿਵੇਂ ਆਰ 123456)। ਪੀ ਐੱਸ ਟੀ ਦਿੱਤੇ ਬਿਨਾਂ ਮਾਲ ਦੁਬਾਰਾ ਵੇਚਣ ਜਾਂ ਲੀਜ਼ ਕਰਨ ਲਈ ਖਰੀਦਣ ਲਈ ਸਪਲਾਇਰ ਨੂੰ ਆਪਣਾ ਪੀ ਐੱਸ ਟੀ ਰਜਿਸਟਰੇਸ਼ਨ ਨੰਬਰ ਦਿਉ।

ਜੇ ਤੁਹਾਡੇ ਕਾਰੋਬਾਰ ਦੇ ਇਕ ਨਾਲੋਂ ਜ਼ਿਆਦਾ ਸਥਾਨ ਹਨ ਤਾਂ ਤੁਹਾਨੂੰ ਹਰ ਸਥਾਨ ਲਈ ਸਰਟੀਫਿਕੇਟ ਮਿਲੇਗਾ। ਤੁਸੀਂ ਆਪਣੇ ਸਾਰੇ ਕਾਰੋਬਾਰੀ ਸਥਾਨਾਂ ਲਈ ਇੱਕੋ ਪੀ ਐੱਸ ਟੀ ਨੰਬਰ ਵਰਤਣ ਦੀ ਚੋਣ ਕਰ ਸਕਦੇ ਹੋ ਜਾਂ ਹਰ ਇਕ ਸਥਾਨ ਆਪਣਾ ਵੱਖਰਾ ਨੰਬਰ ਵਰਤ ਸਕਦਾ ਹੈ। ਤੁਹਾਡੇ ਲਈ ਆਪਣਾ ਸਰਟੀਫਿਕੇਟ ਕਾਰੋਬਾਰ ਵਾਲੇ ਸਥਾਨ ਦੀ ਕਿਸੇ ਪ੍ਰਮੁੱਖ ਥਾਂ 'ਤੇ ਲਾਉਣਾ ਜ਼ਰੂਰੀ ਹੈ ਜਾਂ, ਜੇ ਤੁਹਾਡੇ ਕੋਲ ਕਾਰੋਬਾਰੀ ਸਥਾਨ ਨਹੀਂ ਹੈ ਤਾਂ ਕਾਰੋਬਾਰ ਕਰਨ ਵੇਲੇ ਆਪਣੇ ਨਾਲ ਲਿਜਾਣਾ ਜ਼ਰੂਰੀ ਹੈ।

**ਕਿਰਪਾ ਕਰਕੇ ਨੋਟ ਕਰੋ:** *ਰਜਿਸਟਰੇਸ਼ਨ ਦਾ ਸਰਟੀਫਿਕੇਟ* ਬਿਜ਼ਨਸ ਲਾਇਸੰਸ ਦੀ ਥਾਂ ਨਹੀਂ ਲੈਂਦਾ, ਜਿਹੜਾ ਕਿ ਤੁਹਾਨੂੰ ਆਪਣੇ ਮਿਊਂਸਪਲ ਜਾਂ ਰੀਜਨਲ ਡਿਸਟਰਿਕਟ ਆਫਿਸ ਤੋਂ ਲੈਣਾ ਚਾਹੀਦਾ ਹੈ, ਜਾਂ ਜੇ ਤੁਹਾਡੀ ਮਿਊਂਸਪਿਲਟੀ ਹਿੱਸਾ ਲੈ ਰਹੀ ਹੈ ਤਾਂ ਵੰਨਸਟੌਪ ਬਿਜ਼ਨਸ ਰਜਿਸਟਰੀ ਰਾਹੀਂ। ਹਿੱਸਾ ਲੈਣ ਵਾਲੀਆਂ ਮਿਊਂਸਪਿਲਟੀਆਂ ਦੀ ਲਿਸਟ ਦੇਖਣ ਲਈ ਕਿਰਪਾ ਕਰਕੇ **www.bcbusinessregistry.ca** ਵੈੱਬਸਾਈਟ 'ਤੇ ਜਾਉ।

## ਮੈਂ ਆਪਣਾ ਰਜਿਸਟਰੇਸ਼ਨ ਅਕਾਊਂਟ ਕਿਵੇਂ ਬਦਲਾਂ ਜਾਂ ਬੰਦ ਕਰਾਂ?

ਆਪਣੇ ਕਾਨੂੰਨੀ ਨਾਂ, ਕਾਰੋਬਾਰ ਦੇ ਨਾਂ, ਕਾਰੋਬਾਰ ਦੇ ਸਥਾਨ ਜਾਂ ਚਿੱਠੀ-ਪੱਤਰ ਲਈ ਐਡਰੈਸ ਵਿਚ ਹੋਣ ਵਾਲੀਆਂ ਤਬਦੀਲੀਆਂ ਬਾਰੇ ਤੁਹਾਨੂੰ, ਸਾਨੂੰ ਜ਼ਰੂਰ ਦੱਸਣਾ ਪਵੇਗਾ। ਇਨ੍ਹਾਂ ਤਬਦੀਲੀਆਂ ਬਾਰੇ ਜਾਂ ਆਪਣਾ ਅਕਾਊਂਟ ਬੰਦ ਕਰਨ ਲਈ ਕਹਿਣ ਬਾਰੇ ਤੁਸੀਂ ਸਾਨੂੰ ਇਨ੍ਹਾਂ ਤਰੀਕਿਆਂ ਰਾਹੀਂ ਦੱਸ ਸਕਦੇ ਹੋ:

- > ਸਾਡੇ ਵੈੱਬਸਾਈਟ **www.sbr.gov.bc.ca/business.html** 'ਤੇ ਜਾਉ ਅਤੇ ਨੋਟਿਸ ਆਫ ਚੇਂਜ ਫਾਰਮ (**FIN 386**) ਭਰੋ। ਤੁਸੀਂ ਇਹ ਫਾਰਮ ਇੰਟਰਨੈੱਟ 'ਤੇ ਭੇਜ ਸਕਦੇ ਹੋ, ਜਾਂ ਇਸ ਨੂੰ ਛਾਪੋ ਅਤੇ ਡਾਕ ਰਾਹੀਂ ਜਾਂ ਫੈਕਸ ਰਾਹੀਂ ਸਾਨੂੰ ਭੇਜੋ। ਐਡਰੈਸ ਅਤੇ ਫੈਕਸ ਨੰਬਰ ਫਾਰਮ ਉੱਪਰ ਦਰਜ ਹਨ।
- > ਟੈਕਸਪੇਅਰ ਸਰਵਿਸਿਜ਼ ਇਨਫਰਮੇਸ਼ਨ ਲਾਈਨ ਨੂੰ **1 877 388-4440** 'ਤੇ ਫੋਨ ਕਰੋ ਜਾਂ ਵੈਨਕੂਵਰ ਦੇ ਇਲਾਕੇ ਵਿਚ **604 660-4524** 'ਤੇ ਫੋਨ ਕਰੋ।
- > ਸਮਾਲ ਬਿਜ਼ਨਸ ਐਂਡ ਰੈਵੇਨਿਊ ਦੇ ਆਪਣੇ ਸਥਾਨਕ ਦਫਤਰ ਜਾਂ ਕਿਸੇ ਵੀ ਸਰਵਿਸ ਬੀ ਸੀ ਸੈਂਟਰ ਵਿਚ ਜਾਉ ਜਾਂ ਫੋਨ ਕਰੋ।
- > ਆਪਣੀ ਟੈਕਸ ਰੀਟਰਨ ਦੇ ਸਾਹਮਣੇ ਵਾਲੇ ਸਫੇ 'ਤੇ **ਬਿਜ਼ਨਸ ਕਲੋਜ਼ਡ** ਦੇ ਖਾਨੇ 'ਤੇ ਨਿਸ਼ਾਨੀ ਲਾਉ ਅਤੇ ਖਾਨੇ ਦੇ ਹੇਠਾਂ ਦਿੱਤੀ ਗਈ ਜਾਣਕਾਰੀ ਨੂੰ ਡਾਕ ਰਾਹੀਂ ਜਾਂ ਫੈਕਸ ਰਾਹੀਂ ਭੇਜੋ।
- > ਜੇ ਤੁਹਾਡੇ ਕੋਲ ਬੀ ਸੀ ਈ ਆਈ ਡੀ ਹੈ ਤਾਂ **www.bcbusinessregistry.ca** 'ਤੇ ਵੰਨਸਟੌਪ ਬਿਜ਼ਨਸ ਰਜਿਸਟਰੀ ਦਾ ਵੈੱਬਸਾਈਟ ਦੇਖੋ। ਬੀ ਸੀ ਈ ਆਈ ਡੀ ਇਕ ਔਨਲਾਈਨ ਸਰਵਿਸ ਹੈ ਜਿੱਥੇ ਤੁਸੀਂ ਬੀ ਸੀ ਈ ਆਈ ਡੀ ਵਿਚ ਹਿੱਸਾ ਲੈਣ ਵਾਲੀਆਂ ਸਰਕਾਰੀ ਸੇਵਾਵਾਂ ਤੱਕ ਸੁਰੱਖਿਅਤ ਤਰੀਕੇ ਨਾਲ ਜਾਣ ਲਈ ਲੌਗਇਨ ਆਈ ਡੀ ਅਤੇ ਪਾਸਵਰਡ ਵਰਤ ਸਕਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ **www.BCeID.ca.**'ਤੇ ਜਾਉ।

ਜੇ ਤੁਹਾਡੇ ਕਾਨੂੰਨੀ ਨਾਂ, ਕਾਰੋਬਾਰ ਦੇ ਨਾਂ, ਕਾਰੋਬਾਰ ਦੇ ਸਥਾਨ ਵਿਚ ਤਬਦੀਲੀਆਂ ਹੋਈਆਂ ਹੋਣ ਤਾਂ ਅਸੀਂ ਤੁਹਾਨੂੰ ਇਕ ਨਵਾਂ *ਰਜਿਸਟਰੇਸ਼ਨ ਦਾ ਸਰਟੀਫਿਕੇਟ* ਭੇਜਾਂਗੇ ਜਿਸ ਉੱਪਰ ਤੁਹਾਡੀ ਨਵੀਂ ਜਾਣਕਾਰੀ ਹੋਵੇਗੀ। ਆਪਣਾ ਨਵਾਂ ਸਰਟੀਫਿਕੇਟ ਮਿਲਣ ਤੋਂ ਬਾਅਦ ਤੁਹਾਡੇ ਲਈ ਆਪਣਾ ਪੁਰਾਣਾ ਸਰਟੀਫਿਕੇਟ ਸਾਨੂੰ ਵਾਪਸ ਭੇਜਣਾ ਜ਼ਰੂਰੀ ਹੈ।

ਜੇ ਤੁਸੀਂ ਆਪਣਾ ਕਾਰੋਬਾਰ ਵੇਚਦੇ ਜਾਂ ਬੰਦ ਕਰ ਦਿੰਦੇ ਹੋ ਤਾਂ ਤੁਹਾਡਾ ਸਰਟੀਫਿਕੇਟ ਰੱਦ ਹੋ ਜਾਂਦਾ ਹੈ ਅਤੇ ਤੁਹਾਡੇ ਲਈ ਇਹ 23 ਦਿਨਾਂ ਦੇ ਵਿਚ ਵਿਚ ਵਾਪਸ ਭੇਜਣਾ ਜ਼ਰੂਰੀ ਹੈ। **ਕਿਰਪਾ ਕਰਕੇ ਨੋਟ ਕਰੋ:** ਜੇ ਤੁਸੀਂ ਸਿਰਫ ਹਿੱਸੇ ਹੀ ਵੇਚਦੇ ਹੋ ਤਾਂ ਤੁਹਾਡੇ ਲਈ ਆਪਣਾ ਸਰਟੀਫਿਕੇਟ ਵਾਪਸ ਭੇਜਣਾ ਜ਼ਰੂਰੀ ਨਹੀਂ ਹੈ। ਇਸ ਕੇਸ ਵਿਚ ਸਰਟੀਫਿਕੇਟ ਜਾਇਜ਼ ਰਹਿੰਦਾ ਹੈ।

### ਜੇ ਮੈਂ ਕਾਰੋਬਾਰ ਖਰੀਦਾਂ ਜਾਂ ਵੇਚਾਂ ਤਾਂ ਕੀ ਹੋਵੇਗਾ?

#### ਕਾਰੋਬਾਰ ਖਰੀਦਣਾ

> ਜੇ ਤੁਹਾਡੇ ਵਲੋਂ ਖਰੀਦਿਆ ਜਾਣ ਵਾਲਾ ਕਾਰੋਬਾਰ ਟੈਕਸ ਲੱਗਣ ਯੋਗ ਵਿਕਰੀਆਂ ਜਾਂ ਲੀਜ਼ਾਂ ਕਰਦਾ ਹੈ ਤਾਂ ਤੁਹਾਡੇ ਲਈ ਵੈਂਡਰ ਵਜੋਂ ਰਜਿਸਟਰ ਹੋਣਾ ਅਤੇ ਆਪਣਾ *ਰਜਿਸਟਰੇਸ਼ਨ ਦਾ ਸਰਟੀਫਿਕੇਟ* ਲੈਣਾ ਜ਼ਰੂਰੀ ਹੈ। ਪਿਛਲੇ ਮਾਲਕ ਦਾ ਰਜਿਸਟਰੇਸ਼ਨ ਸਰਟੀਫਿਕੇਟ ਤਬਦੀਲ ਕੀਤੇ ਜਾਣ ਯੋਗ ਨਹੀਂ ਹੈ।

> ਜਦੋਂ ਤੁਸੀਂ ਕੋਈ ਕਾਰੋਬਾਰ ਖਰੀਦਦੇ ਹੋ ਤਾਂ ਤੁਹਾਨੂੰ ਕਾਰੋਬਾਰ ਵੇਚਣ ਵਾਲੇ ਨੂੰ ਜਾਰੀ ਹੋਏ *ਕਲੀਅਰੈਂਸ ਸਰਟੀਫਿਕੇਟ* ਦੀ ਕਾਪੀ ਲੈਣੀ ਚਾਹੀਦੀ ਹੈ ਜੋ ਕਿ ਇਹ ਤਸਦੀਕ ਕਰਦਾ ਹੈ ਕਿ ਉਨ੍ਹਾਂ ਨੇ ਉਹ ਸਾਰਾ ਪੀ ਐੱਸ ਟੀ ਭੇਜ ਦਿੱਤਾ ਹੈ ਜਿਹੜਾ ਉਨ੍ਹਾਂ ਨੇ ਇਕੱਠਾ ਕੀਤਾ ਸੀ। ਜੇ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਤੁਸੀਂ ਕਾਰੋਬਾਰ ਵੇਚਣ ਵਾਲੇ ਵਲੋਂ ਇਕੱਠੇ ਕੀਤੇ ਗਏ ਪਰ ਭੇਜੇ ਨਾ ਗਏ ਪੀ ਐੱਸ ਟੀ ਲਈ ਜ਼ਿੰਮੇਵਾਰ ਠਹਿਰਾਏ ਜਾ ਸਕਦੇ ਹੋ।

> ਪੀ ਐੱਸ ਟੀ ਤੁਹਾਡੇ ਵਲੋਂ ਖਰੀਦੀ ਗਈ ਸਾਰੀ ਜਾਇਦਾਦ ਅਤੇ ਫਿਕਸਚਰਾਂ ’ਤੇ ਲਾਗੂ ਹੁੰਦਾ ਹੈ ਪਰ ਇਸ ਵਿਚ ਮੁੜ ਵਿਕਰੀ ਲਈ ਸਟੌਕ ਸ਼ਾਮਲ ਨਹੀਂ ਹੈ। ਜੇ ਕਾਰੋਬਾਰ ਵੇਚਣ ਵਾਲੇ ਨੇ ਬਿੱਲ ਆਫ ਸੇਲ ’ਤੇ ਪੀ ਐੱਸ ਟੀ ਅਲਹਿਦਾ ਨਹੀਂ ਲਿਖਿਆ ਜਾਂ ਤੁਹਾਡੇ ਕੋਲ ਨਹੀਂ ਲਿਆ ਤਾਂ ਤੁਸੀਂ ਬਕਾਇਆ ਪੀ ਐੱਸ ਟੀ ਭੇਜਣ ਲਈ ਜ਼ਿੰਮੇਵਾਰ ਹੋ।

> ਪੀ ਐੱਸ ਟੀ ਅਤੇ ਬਿੱਲ ਆਫ ਸੇਲ ਦੀ ਇਕ ਕਾਪੀ, ਭਰੇ ਹੋਏ *ਰੀਟਰਨ ਆਫ ਟੈਕਸ ਡਿਊ ਔਨ ਟੈਕਸੇਬਲ ਟੈਂਜਿਬਲ ਪਰਸਨਲ ਪ੍ਰਾਪਰਟੀ ਬਾਈ ਏ ਪਰਚੇਜ਼ਰ/ਸੈਲਰ* ਫਾਰਮ ਨਾਲ ਭੇਜੋ (**FIN 426**).

#### ਕਾਰੋਬਾਰ ਵੇਚਣਾ

> ਆਪਣੀ ਤਾਜ਼ਾ ਪੀ ਐੱਸ ਟੀ ਰੀਟਰਨ ਦਰਜ ਕਰਵਾਉ ਅਤੇ ਆਪਣੇ ਕਾਰੋਬਾਰ ਦੀ ਵਿਕਰੀ ਦੀ ਤਰੀਕ ਤੱਕ ਆਪਣੀਆਂ ਵਿਕਰੀਆਂ, ਲੀਜ਼ਾਂ ਅਤੇ ਖਰੀਦਦਾਰੀਆਂ ’ਤੇ ਸਾਰਾ ਦੇਣਯੋਗ ਪੀ ਐੱਸ ਟੀ ਭੇਜੋ।

> ਤੁਹਾਡੇ ਲਈ *ਕਲੀਅਰੈਂਸ ਸਰਟੀਫਿਕੇਟ* ਦੀਆਂ ਦੋ ਕਾਪੀਆਂ ਲੈਣਾ ਜ਼ਰੂਰੀ ਹਨ ਜੋ ਕਿ ਇਹ ਤਸਦੀਕ ਕਰਦੀਆਂ ਹੋਣ ਕਿ ਤੁਸੀਂ ਇਕੱਠਾ ਕੀਤਾ ਗਿਆ ਸਾਰਾ ਪੀ ਐੱਸ ਟੀ ਭੇਜ ਦਿੱਤਾ ਹੈ। ਕਲੀਅਰੈਂਸ ਸਰਟੀਫਿਕੇਟ ਦੀ ਇਕ ਕਾਪੀ ਖਰੀਦਦਾਰ ਨੂੰ ਦੇ ਦਿਉ। *ਐਪਲੀਕੇਸ਼ਨ ਫਾਰ ਕਲੀਅਰੈਂਸ* ਫਾਰਮ (**FIN 447**) ਸਾਡੇ ਵੈੱਬਸਾਈਟ ਤੋਂ ਮਿਲਦਾ ਹੈ।

> ਰਜਿਸਟਰਸ਼ੁਦਾ ਵੈਂਡਰ ਵਜੋਂ, ਤੁਹਾਨੂੰ ਟੈਕਸ ਦੇਣ ਯੋਗ ਸਾਰੇ ਮਾਲ (ਦੁਬਾਰਾ ਵਿਕਰੀ ਲਈ ਚੀਜ਼ਾਂ ਤੋਂ ਬਿਨਾਂ) ’ਤੇ ਪੀ ਐੱਸ ਟੀ ਚਾਰਜ ਕਰਨਾ ਚਾਹੀਦਾ ਹੈ, ਜਿਸ ਵਿਚ ਵਿਕਰੀ ਦੇ ਸਮੇਂ ਜਾਇਦਾਦ (ਐਸਿਟਸ) ਅਤੇ ਫਿਕਸਚਰਜ਼ ਦੀ ਵਿਕਰੀ ਵੀ ਸ਼ਾਮਲ ਹੈ। ਪੀ ਐੱਸ ਟੀ ਨੂੰ ਬਿੱਲ ਆਫ ਸੇਲ ’ਤੇ ਵੱਖਰਾ ਲਿਖੋ। ਪੀ ਐੱਸ ਟੀ ਨੂੰ ਭਰੇ ਹੋਏ *ਰੀਟਰਨ ਆਫ ਟੈਕਸ ਡਿਊ ਔਨ ਟੈਕਸੇਬਲ ਟੈਂਜਿਬਲ ਪਰਸਨਲ ਪ੍ਰਾਪਰਟੀ ਬਾਈ ਏ ਪਰਚੇਜ਼ਰ/ਸੈਲਰ ਫਾਰਮ* (**FIN 426**).

> ਵਿਕਰੀ ਦੀ ਤਰੀਕ ਤੋਂ ਲੈ ਕੇ 23 ਦਿਨਾਂ ਦੇ ਵਿਚ ਵਿਚ ਆਪਣਾ *ਰਜਿਸਟਰੇਸ਼ਨ ਦਾ ਸਰਟੀਫਿਕੇਟ* ਸਾਨੂੰ ਵਾਪਸ ਭੇਜੋ।

# ਅਣਰਜਿਸਟਰ ਕਾਰੋਬਾਰਾਂ ਲਈ ਸ਼ਰਤਾਂ

### ਟੈਕਸ ਇਕੱਠਾ ਕਰਨਾ ਅਤੇ ਭੇਜਣਾ

ਜੇ ਤੁਹਾਨੂੰ ਇਸ ਕਰਕੇ ਵੈਂਡਰ ਵਜੋਂ ਰਜਿਸਟਰ ਹੋਣ ਦੀ ਲੋੜ ਨਹੀਂ ਹੈ ਕਿਉਂਕਿ ਤੁਸੀਂ ਆਪਣੇ ਕਾਰੋਬਾਰ ਦੇ ਆਮ ਕਾਰਜ ਵਿਚ ਸਿਰਫ ਟੈਕਸ ਨਾ ਲੱਗਣ ਯੋਗ ਚੀਜ਼ਾਂ ਅਤੇ ਸੇਵਾਵਾਂ ਵੇਚਦੇ ਹੋ ਤਾਂ ਜੇ ਤੁਸੀਂ ਕਦੇ ਕਦਾਈਂ ਟੈਕਸ ਲੱਗਣ ਯੋਗ ਵਿਕਰੀਆਂ ਜਾਂ ਲੀਜ਼ਾਂ ਕਰਦੇ ਹੋ ਤਾਂ ਤੁਸੀਂ ਪੀ ਐੱਸ ਟੀ ਇਕੱਠਾ ਕਰਨ ਅਤੇ ਭੇਜਣ ਲਈ ਅਜੇ ਵੀ ਜ਼ਿੰਮੇਵਾਰ ਹੋ। ਅਜਿਹੇ ਕੇਸਾਂ ਵਿਚ, ਆਪਣੇ ਬਕਾਇਆ ਪੀ ਐੱਸ ਟੀ ਨਾਲ *ਕੈਜ਼ੂਅਲ ਰੀਮਿਟੈਂਸ ਰੀਟਰਨ ਫਾਰ ਪ੍ਰੌਵਿੰਸ਼ੀਅਲ ਸੇਲਜ਼ ਟੈਕਸ (ਪੀ ਐੱਸ ਟੀ) ਡਿਊ ਔਨ ਟੈਕਸੇਬਲ ਟੈਂਜਿਬਲ ਪਰਸਨਲ ਪ੍ਰਾਪਰਟੀ ਬਾਈ ਏ ਸੈੱਲਰ ਨੌਟ ਰਜਿਸਟਰਿਡ ਅੰਡਰ ਦਾ ਸੋਸ਼ਲ ਸਰਵਿਸ ਟੈਕਸ ਐਕਟ* ਫਾਰਮ (**FIN 428S**) ਭੇਜੋ।

ਪੀ ਐੱਸ ਟੀ ਇਕੱਠਾ ਕਰਨ ਅਤੇ ਦੇਣ ਦੀਆਂ ਸ਼ਰਤਾਂ ਉਨ੍ਹਾਂ ਵਿਅਕਤੀਆਂ ਅਤੇ ਗਰੁੱਪਾਂ ਲਈ ਵੱਖਰੀਆਂ ਹਨ ਜਿਹੜੇ ਇਖਤਿਆਰੀ ਰਜਿਸਟਰੇਸ਼ਨ ਲਈ ਯੋਗ ਹਨ ਅਤੇ ਜਿਨ੍ਹਾਂ ਨੇ ਰਜਿਸਟਰ ਨਾ ਹੋਣ ਅਤੇ ਆਪਣੀਆਂ ਵਿਕਰੀਆਂ ’ਤੇ ਪੀ ਐੱਸ ਟੀ ਨਾ ਲੈਣ ਦੀ ਚੋਣ ਕੀਤੀ ਹੈ (**ਜੇ ਮੇਰੀ ਵਿਕਰੀ ਘੱਟ ਹੋਵੇ ਤਾਂ ਕੀ ਮੈਨੂੰ ਰਜਿਸਟਰ ਹੋਣ ਦੀ ਲੋੜ** ਹੈ ਵਾਲਾ ਭਾਗ ਦੇਖੋ।)

ਤੁਸੀਂ ਉਨ੍ਹਾਂ ਬਹੁਤੀਆਂ ਚੀਜ਼ਾਂ ਲਈ ਵੀ ਪੀ ਐੱਸ ਟੀ ਦਿੰਦੇ ਹੋ ਜਿਹੜੀਆਂ ਤੁਸੀਂ ਆਪਣੇ ਕਾਰੋਬਾਰ ਵਿਚ ਵਰਤਦੇ ਹੋ, ਜਿਨ੍ਹਾਂ ਵਿਚ ਉਹ ਚੀਜ਼ਾਂ ਵੀ ਸ਼ਾਮਲ ਹਨ ਜਿਹੜੀਆਂ ਤੁਸੀਂ ਸੂਬੇ ਤੋਂ ਬਾਹਰ ਤੋਂ ਖਰੀਦਦੇ, ਕਿਰਾਏ ’ਤੇ ਲੈਂਦੇ ਜਾਂ ਲੀਜ਼ ਕਰਦੇ ਹੋ। ਜੇ ਸਪਲਾਇਰ ਪੀ ਐੱਸ ਟੀ ਨਹੀਂ ਲੈਂਦਾ ਤਾਂ ਤੁਸੀਂ ਚੀਜ਼ਾਂ ਨੂੰ ਸੂਬੇ ਵਿਚ ਲਿਆਉਣ ਵੇਲੇ ਆਪ ਪੀ ਐੱਸ ਟੀ ਦਾ ਹਿਸਾਬ ਲਾਉਂਦੇ ਹੋ ਅਤੇ *ਕੈਜ਼ੂਅਲ ਰੀਮਿਟੈਂਸ ਰੀਟਰਨ ਫਾਰ ਪ੍ਰੌਵਿੰਸ਼ੀਅਲ ਸੇਲਜ਼ ਟੈਕਸ (ਪੀ ਐੱਸ ਟੀ) ਡਿਊ ਔਨ ਟੈਕਸੇਬਲ ਟੈਂਜਿਬਲ ਪਰਸਨਲ ਪ੍ਰਾਪਰਟੀ ਬਾਈ ਏ ਪਰਚੇਜ਼ਰ ਨੌਟ ਰਜਿਸਟਰਿਡ ਅੰਡਰ ਦਾ ਸੋਸ਼ਲ ਸਰਵਿਸ ਟੈਕਸ ਐਕਟ ਫਾਰਮ* (**FIN 428P**) ਫਾਰਮ ਦੀ ਵਰਤੋਂ ਕਰਦੇ ਹੋਏ ਦੇਣਯੋਗ ਪੀ ਐੱਸ ਟੀ ਦਿੰਦੇ ਹੋ। ਇਹ ਓਪਰੇਟਿੰਗ ਸਪਲਾਈਜ਼, ਸੰਦਾਂ, ਸਾਜ਼-ਸਮਾਨ ਜਾਂ ਉਨ੍ਹਾਂ ਹੋਰ ਚੀਜ਼ਾਂ ਜੋ ਤੁਸੀਂ ਵੇਚਣ ਲਈ ਨਹੀਂ ਖਰੀਦੀਆਂ, ਵਰਗੀਆਂ ਚੀਜ਼ਾਂ ’ਤੇ ਲਾਗੂ ਹੁੰਦਾ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ **ਬੁਲੇਟਿਨ SST 043**, *ਗੁਡਜ਼ ਪਰਚੇਜ਼ਡ ਫਰੌਮ ਆਊਟ-ਔਫ-ਪ੍ਰੌਵਿੰਸ ਸਪਲਾਇਰਜ਼* ਦੇਖੋ।

# ਪੀ ਐੱਸ ਟੀ ਦੇਣਾ

## ਕਿਹੜੀਆਂ ਚੀਜ਼ਾਂ ਅਤੇ ਸੇਵਾਵਾਂ 'ਤੇ ਮੈਂ ਪੀ ਐੱਸ ਟੀ ਦੇਣਾ ਹੈ?

> ਤੁਸੀਂ ਉਸ ਸਾਜ਼-ਸਮਾਨ ਅਤੇ ਸਪਲਾਈ 'ਤੇ ਪੀ ਐੱਸ ਟੀ ਦਿੰਦੇ ਹੋ ਜਿਹੜਾ ਤੁਸੀਂ ਆਪਣੇ ਕਾਰੋਬਾਰ ਵਿਚ ਵਰਤਣ ਲਈ ਖਰੀਦਦੇ ਹੋ ਜਾਂ ਲੀਜ਼ 'ਤੇ ਲੈਂਦੇ ਹੋ। ਇਸ ਕੇਸ ਵਿਚ, ਚੀਜ਼ਾਂ ਦੇ ਅੰਤਿਮ ਵਰਤੋਂਕਾਰ ਤੁਸੀਂ ਹੋ ਅਤੇ ਪੀ ਐੱਸ ਟੀ ਦੇਣ ਲਈ ਜ਼ਿੰਮੇਵਾਰ ਹੋ। ਆਪਣੇ ਕਾਰੋਬਾਰ ਲਈ ਜਿਹੜਾ ਸਾਜ਼-ਸਮਾਨ ਅਤੇ ਸਪਲਾਈ ਤੁਸੀਂ ਖਰੀਦਦੇ ਹੋ, ਉਨ੍ਹਾਂ ਦੀਆਂ ਉਦਾਹਰਣਾਂ ਵਿਚ ਇਹ ਸ਼ਾਮਲ ਹਨ:

- ਦਫਤਰ ਦਾ ਸਾਜ਼-ਸਮਾਨ, ਜਿਵੇਂ ਕਿ ਡੈੱਸਕ, ਕੁਰਸੀਆਂ ਅਤੇ ਕੈਸ਼ ਰਜਿਸਟਰ
- ਦਫਤਰ ਲਈ ਸਪਲਾਈ, ਜਿਵੇਂ ਕਿ ਰਸੀਦ ਬੁੱਕਾਂ, ਸਟੇਸ਼ਨਰੀ ਅਤੇ ਕੈਸ਼ ਰਜਿਸਟਰ ਲਈ ਟੇਪਾਂ
- ਕਾਰੋਬਾਰ ਲਈ ਸਾਜ਼-ਸਮਾਨ ਅਤੇ ਸਪਲਾਈਆਂ, ਜਿਵੇਂ ਕਿ ਗੱਡੀਆਂ, ਦੁਕਾਨ ਦਾ ਸਾਜ਼-ਸਮਾਨ ਅਤੇ ਸਫਾਈ ਲਈ ਸਮਾਨ

> ਤੁਸੀਂ ਆਪਣੇ ਕਾਰੋਬਾਰ ਵਿਚ ਵਰਤੀ ਜਾਣ ਵਾਲੀ ਮਸ਼ੀਨਰੀ ਅਤੇ ਸਾਜ਼-ਸਮਾਨ ਲਈ ਦਿੱਤੀਆਂ ਜਾਣ ਵਾਲੀਆਂ ਟੈਕਸ ਦੇਣ ਯੋਗ ਸੇਵਾਵਾਂ 'ਤੇ ਪੀ ਐੱਸ ਟੀ ਦਿੰਦੇ ਹੋ, ਜਿਸ ਵਿਚ ਟੈਕਸ ਲੱਗਣ ਯੋਗ ਉਹ ਸੇਵਾਵਾਂ ਵੀ ਸ਼ਾਮਲ ਹਨ ਜਿਹੜੀਆਂ ਸਰਵਿਸ ਲੈਣ ਲਈ ਸੂਬੇ ਤੋਂ ਬਾਹਰ ਭੇਜੀਆਂ ਗਈਆਂ ਤੁਹਾਡੀਆਂ ਚੀਜ਼ਾਂ 'ਤੇ ਲਾਗੂ ਹੁੰਦੀਆਂ ਹਨ।

> ਤੁਸੀਂ ਆਪਣੇ ਕਾਰੋਬਾਰ ਲਈ ਕਾਨੂੰਨੀ ਸੇਵਾਵਾਂ, ਸਾਊਥ ਕੋਸਟ ਬ੍ਰਿਟਿਸ਼ ਕੋਲੰਬੀਆ ਟ੍ਰਾਂਸਪੋਰਟੇਸ਼ਨ ਸਰਵਿਸ ਰੀਜਨ ਵਿਚ ਪਾਰਕਿੰਗ ਦੇ ਹੱਕਾਂ ਅਤੇ ਟੈਲੀਕਮਿਉਨੀਕੇਸ਼ਨ ਸੇਵਾਵਾਂ ਦੀ ਖਰੀਦ (ਜਿਵੇਂ ਟੈਲੀਫੋਨ ਅਤੇ ਇੰਟਰਨੈੱਟ) 'ਤੇ ਪੀ ਐੱਸ ਟੀ ਦਿੰਦੇ ਹੋ

> ਤੁਸੀਂ ਆਪਣੇ ਰੀਸੇਲ ਸਟੌਕ ਵਿੱਚੋਂ ਲਈਆਂ ਚੀਜ਼ਾਂ ਜਾਂ ਅੱਗੇ ਲਿਖੀ ਵਰਤੋਂ ਲਈ ਖਰੀਦੀਆਂ ਚੀਜ਼ਾਂ ਦੇ ਮੁੱਲ 'ਤੇ ਪੀ ਐੱਸ ਟੀ ਦਿੰਦੇ ਹੋ:

- ਆਪਣੇ ਕਾਰੋਬਾਰ ਦੀ ਮਸ਼ਹੂਰੀ ਕਰਨ ਜਾਂ ਉਸ ਨੂੰ ਉਤਸ਼ਾਹ ਦੇਣ ਵਿਚ ਮਦਦ ਲਈ ਵਰਤੀਆਂ ਗਈਆਂ ਜਾਂ ਦਿੱਤੀਆਂ ਗਈਆਂ ਚੀਜ਼ਾਂ
- ਪ੍ਰਦਰਸ਼ਨੀ ਲਈ ਜਾਂ ਨੁਮਾਇਸ਼ 'ਤੇ ਰੱਖੀਆਂ ਚੀਜ਼ਾਂ ਜੇ ਉਹ ਫੌਰਨ ਵਿਕਰੀ ਲਈ ਮੌਜੂਦ ਨਹੀਂ ਹਨ
- ਨਮੂਨੇ, ਤੋਹਫੇ ਅਤੇ ਇਨਾਮ
- ਮਸ਼ਹੂਰੀ ਕਰਨ ਲਈ ਫਲਾਇਰ
- ਦਾਨੀ ਸੰਸਥਾਵਾਂ ਜਾਂ ਹੋਰ ਸੰਸਥਾਵਾਂ ਨੂੰ ਦਿੱਤੇ ਗਏ ਦਾਨ

> ਤੁਸੀਂ ਆਪਣੇ ਕਾਰੋਬਾਰ ਵਿਚ ਜਾਂ ਨਿੱਜੀ ਵਰਤੋਂ ਲਈ ਆਪਣੇ ਰੀਸੇਲ ਸਟੌਕ ਵਿੱਚੋਂ ਲਈ ਗਈ ਕਿਸੇ ਵੀ ਚੀਜ਼ ਦੇ ਮੁੱਲ 'ਤੇ ਪੀ ਐੱਸ ਟੀ ਦਿੰਦੇ ਹੋ।

> ਆਮ ਤੌਰ 'ਤੇ, ਤੁਸੀਂ ਉਨ੍ਹਾਂ ਚੀਜ਼ਾਂ ਉੱਪਰ ਪੀ ਐੱਸ ਟੀ ਦਿੰਦੇ ਹੋ ਜਿਹੜੀਆਂ ਤੁਸੀਂ ਸਿਰਫ ਲੀਜ਼ ਜਾਂ ਕਿਰਾਏ 'ਤੇ ਦੇਣ ਦੇ ਮੰਤਵਾਂ ਲਈ ਖਰੀਦੀਆਂ ਸਨ ਅਤੇ ਬਾਅਦ ਵਿਚ ਆਪ ਵਰਤ ਲਈਆਂ ਜਾਂ ਕਿਸੇ ਮੁਲਾਜ਼ਮ ਨੂੰ ਵਰਤਣ ਦਿੱਤੀਆਂ। ਤੁਸੀਂ ਉਸ ਚੀਜ਼ ਦੀ ਘਸਾਈ ਮੁਤਾਬਕ ਕੀਮਤ ਪਾ ਕੇ ਜਾਂ ਮੁਢਲੀ ਕੀਮਤ ਦਾ 50% ਮਿੱਥ ਕੇ ਪੀ ਐੱਸ ਟੀ ਦਾ ਹਿਸਾਬ ਲਾਉਂਦੇ ਹੋ, ਦੋਹਾਂ ਵਿੱਚੋਂ ਜਿਹੜਾ ਵੀ ਜ਼ਿਆਦਾ ਹੋਵੇ। ਪਰ ਜੇ ਤੁਸੀਂ ਕਦੇ ਕਦੇ ਕਿਸੇ ਚਾਲਕ (ਅਪਰੇਟਰ) ਨੂੰ ਚੀਜ਼ ਸਪਲਾਈ ਕਰਦੇ ਹੋ ਤਾਂ ਹੋ ਸਕਦਾ ਤੁਹਾਨੂੰ ਘਸਾਈ ਕਾਰਨ ਘਟੀ ਕੀਮਤ 'ਤੇ ਪੀ ਐੱਸ ਟੀ ਦੇਣ ਦੀ ਲੋੜ ਨਾ ਹੋਵੇ। ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ SST 082**, *ਰੈਂਟਲਜ਼ ਐਂਡ ਲੀਜ਼ਿਜ਼ ਆਫ ਟੈਂਜਿਬਲ ਪਰਸਨਲ ਪ੍ਰਾਪਰਟੀ* ਦੇਖੋ।

> ਤੁਸੀਂ ਸੂਬੇ ਵਿਚ ਆਰਜ਼ੀ ਤੌਰ 'ਤੇ ਲਿਆਂਦੇ ਜਾਣ ਵਾਲੇ ਸਾਜ਼-ਸਮਾਨ 'ਤੇ ਪੀ ਐੱਸ ਟੀ ਦਿੰਦੇ ਹੋ ਜੇ ਉਹ ਸਾਜ਼-ਸਮਾਨ ਸੂਬੇ ਵਿਚ ਪੰਜ ਦਿਨਾਂ ਤੋਂ ਜ਼ਿਆਦਾ ਸਮੇਂ ਲਈ ਆਇਆ ਹੈ। ਕਿਰਪਾ ਕਰਕੇ **ਬੁਲੇਟਿਨ SST 098**, *ਇਕੁਇਪਮੈਂਟ ਬਰੌਟ ਇਨਟੂ ਦਾ ਪ੍ਰੌਵਿੰਸ ਫਾਰ ਟੈਂਪਰੇਰੀ ਯੂਜ਼ (1/3 ਫਾਰਮੂਲਾ)* ਦੇਖੋ।

> ਤੁਸੀਂ ਆਪਣੇ ਕਾਰੋਬਾਰ ਵਿਚ ਵਰਤੋਂ ਲਈ ਸੂਬੇ ਤੋਂ ਬਾਹਰਲੇ ਸਪਲਾਇਰਾਂ ਤੋਂ ਖਰੀਦੀਆਂ ਗਈਆਂ ਟੈਕਸ ਲੱਗਣ ਯੋਗ ਚੀਜ਼ਾਂ 'ਤੇ ਪੀ ਐੱਸ ਟੀ ਦਿੰਦੇ ਹੋ। ਜੇ ਵਿਕਰੇਤਾ ਤੁਹਾਡੇ ਤੋਂ ਪੀ ਐੱਸ ਟੀ ਨਹੀਂ ਲੈਂਦਾ ਤਾਂ ਤੁਸੀਂ ਆਪ ਹਿਸਾਬ ਲਾਉਂਦੇ ਹੋ ਅਤੇ ਸੂਬੇ ਵਿਚ ਚੀਜ਼ਾਂ ਲਿਆਉਣ ਦੇ ਆਪਣੇ ਕੁੱਲ ਖਰਚੇ ਉੱਪਰ ਬਕਾਇਆ ਪੀ ਐੱਸ ਟੀ ਦਿੰਦੇ ਹੋ। ਚੀਜ਼ਾਂ ਲਿਆਉਣ ਦਾ ਕੁੱਲ ਖਰਚਾ ਹੈ:

- ਖਰੀਦ ਕੀਮਤ (ਕੈਨੇਡੀਅਨ ਕਰੰਸੀ ਵਿਚ),
- ਡਿਲਿਵਰੀ, ਭਾੜਾ ਜਾਂ ਲਦਾਈ ਦੇ ਚਾਰਜ,
- ਐਕਸਚੇਂਜ, ਕਸਟਮਜ਼, ਡਿਊਟੀਜ਼, ਫੈਡਰਲ ਐਕਸਾਈਜ਼ ਟੈਕਸ, ਅਤੇ
- ਅਤੇ ਸੂਬੇ ਵਿਚ ਚੀਜ਼ਾਂ ਪ੍ਰਾਪਤ ਕਰਨ ਲਈ ਤੁਹਾਡੇ ਵਲੋਂ ਦਿੱਤੀ ਗਈ ਕੋਈ ਹੋਰ ਲਾਗਤ ਜਾਂ ਖਰਚਾ (ਇਸ ਵਿਚ ਜੀ ਐੱਸ ਟੀ ਸ਼ਾਮਲ ਨਾ ਕਰੋ)।

> ਤੁਸੀਂ ਆਪਣੇ ਕਾਰੋਬਾਰ ਵਿਚ ਵਰਤੋਂ ਲਈ ਸੂਬੇ ਤੋਂ ਬਾਹਰਲੇ ਲੀਜ਼ ਕਰਤਾਵਾਂ ਤੋਂ ਲੀਜ਼ 'ਤੇ ਲਈਆਂ ਟੈਕਸ ਲੱਗਣ ਯੋਗ ਚੀਜ਼ਾਂ ਦੀ ਲੀਜ਼ ਦੀ ਕੀਮਤ 'ਤੇ ਪੀ ਐੱਸ ਟੀ ਦਿੰਦੇ ਹੋ। ਜੇ ਲੀਜ਼ਕਰਤਾ ਪੀ ਐੱਸ ਟੀ ਲੈਣ ਲਈ ਰਜਿਸਟਰ ਨਹੀਂ ਹੈ ਤਾਂ ਤੁਸੀਂ ਚੀਜ਼ਾਂ ਦੇ ਸੂਬੇ ਵਿਚ ਹੋਣ ਵੇਲੇ ਲੀਜ਼ ਕੀਮਤ ਉੱਪਰ ਬਕਾਇਆ ਪੀ ਐੱਸ ਟੀ ਦਾ ਆਪ ਹਿਸਾਬ ਲਾਉਂਦੇ

ਹੋ। ਸੂਬੇ ਤੋਂ ਬਾਹਰਲੇ ਸਪਲਾਇਰਾਂ ਤੋਂ ਖਰੀਦ ਜਾਂ ਲੀਜ਼ ਕਰਨ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ SST 043**, *ਗੁੱਡਜ਼ ਪਰਚੇਜ਼ਡ ਫਰੌਮ ਆਊਟ-ਆਫ-ਪ੍ਰੌਵਿੰਸ ਸਪਲਾਇਰਜ਼* ਦੇਖੋ।

ਆਪਣੇ ਕਾਰੋਬਾਰ ਵਿਚ ਵਰਤੋਂ ਲਈ ਜਾਂ ਨਿੱਜੀ ਵਰਤੋਂ ਲਈ ਚੀਜ਼ਾਂ ਉੱਪਰ ਲੱਗਣ ਵਾਲੇ ਪੀ ਐੱਸ ਟੀ ਦਾ ਹਿਸਾਬ ਲਾਉਣ ਵੇਲੇ, ਆਪਣੀ ਅਗਲੀ ਟੈਕਸ ਰੀਟਰਨ ਦੇ ਕਦਮ 3 'ਤੇ ਬਕਾਇਆ ਪੀ ਐੱਸ ਟੀ ਲਿਖੋ (**FIN 400**).

### ਕੀ ਕਾਰੋਬਾਰ ਵਿਚ ਵਰਤੀਆਂ ਗਈਆਂ ਚੀਜ਼ਾਂ ਲਈ, ਜੀ ਐੱਸ ਟੀ ਵਾਂਗ ਹੀ, ਪੀ ਐੱਸ ਟੀ ਲਈ ਵੀ ਕੋਈ ਇਨਪੁੱਟ ਟੈਕਸ ਕਰੈਡਿਟ ਹਨ?

ਨਹੀਂ। ਕਾਰੋਬਾਰ ਵਲੋਂ ਖਰੀਦੀਆਂ ਗਈਆਂ ਚੀਜ਼ਾਂ ਉੱਪਰ ਕਿਸੇ ਵੀ ਇਨਪੁੱਟ ਟੈਕਸ ਕਰੈਡਿਟ ਦੀ ਆਗਿਆ ਨਹੀਂ ਹੈ। ਪੀ ਐੱਸ ਟੀ ਕਾਰੋਬਾਰ ਵਿਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਚੀਜ਼ਾਂ ਉੱਪਰ ਦੇਣ ਯੋਗ ਹੈ, ਸਿਰਫ ਰੀਸੇਲ ਲਈ ਖਰੀਦੀਆਂ ਗਈਆਂ ਚੀਜ਼ਾਂ ਉੱਪਰ ਹੀ ਛੋਟ ਹੈ।

## ਪੀ ਐੱਸ ਟੀ ਚਾਰਜ ਕਰਨਾ ਅਤੇ ਇਕੱਠਾ ਕਰਨਾ

ਤੁਹਾਨੂੰ ਸਾਰੀਆਂ ਇਨਵੋਆਇਸਾਂ ਉੱਪਰ ਪੀ ਐੱਸ ਟੀ ਵੱਖਰਾ ਦਿਖਾਉਣਾ ਪਵੇਗਾ, ਸਿਰਫ ਸ਼ਰਾਬ ਦੀ ਵਿਕਰੀ ਉੱਪਰ ਹੀ ਛੋਟ ਹੈ, ਜਿਹੜੀ ਕਿ ਟੈਕਸ ਸਮੇਤ ਕੀਮਤਾਂ 'ਤੇ ਵੇਚੀ ਜਾ ਸਕਦੀ ਹੈ। ਤੁਸੀਂ ਨੇੜੇ ਦੇ ਸੈਂਟ ਤੱਕ ਪੀ ਐੱਸ ਟੀ ਦਾ ਹਿਸਾਬ ਲਾਉਂਦੇ ਹੋ, ਜਿਸ ਵਿਚ ਅੱਧੇ ਸੈਂਟ ਨੂੰ ਇਕ ਸੈਂਟ ਗਿਣਿਆ ਜਾਂਦਾ ਹੈ।

### ਪੀ ਐੱਸ ਟੀ ਦਾ ਰੇਟ ਕੀ ਹੈ?

| ਚੀਜ਼ਾਂ | | ਪੀ ਐੱਸ ਟੀ ਰੇਟ |
|---|---|---|
| ਚੀਜ਼ਾਂ ਅਤੇ ਸੇਵਾਵਾਂ | | 7% |
| ਸ਼ਰਾਬ | | 10% |
| *ਮੁਸਾਫਰ-ਗੱਡੀਆਂ :* | $55,000 ਤੋਂ ਘੱਟ | 7% |
| | $55,000 ਤੋਂ ਲੈ ਕੇ $56,000 ਤੋਂ ਘੱਟ | 8% |
| | $56,000 ਤੋਂ ਲੈ ਕੇ $57,000 ਤੋਂ ਘੱਟ | 9% |
| | $57,000 ਜਾਂ ਜ਼ਿਆਦਾ | 10% |
| ਹੋਰ ਮੋਟਰ-ਗੱਡੀਆਂ ਅਤੇ ਟਰੇਲਰ* | | 7% |

*ਇਹ ਪਤਾ ਲਾਉਣ ਲਈ ਕਿ ਕਿਹੜੀਆਂ ਗੱਡੀਆਂ ਮੁਸਾਫਰ-ਗੱਡੀਆਂ ਨਹੀਂ ਹਨ, ਉਦਾਹਰਣ ਲਈ, ਕੈਂਪਰ ਵੈਨਾਂ, ਵੰਨ ਟੱਨ ਟਰੱਕ ਅਤੇ ਖਾਸ ਤਰ੍ਹਾਂ ਦੇ ਮੋਟਰ ਸਾਈਕਲ, **ਬੁਲੇਟਿਨ SST 042**, *ਮੋਟਰ ਵਹੀਕਲ ਡੀਲਰਜ਼* ਦੇਖੋ।

ਟੈਕਸ ਰੇਟ ਬਦਲ ਸਕਦੇ ਹਨ। ਮੌਜੂਦਾ ਰੇਟ ਸਾਡੇ ਵੈੱਬਸਾਈਟ **www.sbr.gov.bc.ca** 'ਤੇ ਦੇਖੋ।

### ਮੈਂ ਪੀ ਐੱਸ ਟੀ ਕਦੋਂ ਲੈਣਾ ਹੈ?

#### *ਵਿਕਰੀਆਂ 'ਤੇ*

ਤੁਸੀਂ ਵਿਕਰੀ ਵੇਲੇ ਖਰੀਦ ਕੀਮਤ 'ਤੇ ਪੀ ਐੱਸ ਟੀ ਚਾਰਜ ਕਰਦੇ ਹੋ, ਜਿਸ ਵਿਚ ਕਰੈਡਿਟ ਉੱਪਰ ਕੀਤੀਆਂ ਗਈਆਂ ਵਿਕਰੀਆਂ ਵੀ ਸ਼ਾਮਲ ਹਨ ਪਰ ਜੇ ਕੋਈ ਚੀਜ਼ ਜਾਂ ਸਰਵਿਸ ਨੂੰ ਟੈਕਸ ਤੋਂ ਛੋਟ ਹੈ ਤਾਂ ਉਸ 'ਤੇ ਟੈਕਸ ਚਾਰਜ ਨਹੀਂ ਕਰਦੇ। ਛੋਟ ਵਾਲੀਆਂ ਚੀਜ਼ਾਂ ਅਤੇ ਸੇਵਾਵਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਉੱਪਰ ਭਾਗ **ਕੀ ਟੈਕਸ ਲੱਗਣ ਯੋਗ ਨਹੀਂ ਹੈ?** ਦੇਖੋ।

*ਖਰੀਦ ਕੀਮਤ* ਦਾ ਅਰਥ ਹੈ ਉਹ ਕੁੱਲ ਰਕਮ ਜਿਹੜੀ ਗਾਹਕ ਲਈ ਮਾਲ ਜਾਂ ਸੇਵਾ ਦੀ ਮਾਲਕੀ ਲੈਣ ਤੋਂ ਪਹਿਲਾਂ ਦੇਣੀ ਜ਼ਰੂਰੀ ਹੈ, ਜਿਸ ਵਿੱਚ ਢੋਆ-ਢੁਆਈ, ਡਿਲਿਵਰੀ ਜਾਂ ਚੱਕਣ-ਥੱਲਣ ਦੇ ਹੋਰ ਖਰਚਿਆਂ ਵਰਗੇ ਖਰਚੇ ਵੀ ਸ਼ਾਮਲ ਹਨ।

ਤੁਸੀਂ ਕਾਨੂੰਨੀ ਸੇਵਾਵਾਂ, ਪਾਰਕਿੰਗ ਦੇ ਹੱਕਾਂ, ਟੈਕਸ ਲੱਗਣ ਯੋਗ ਸੇਵਾਵਾਂ ਅਤੇ ਟੈਲੀਕਮਿਊਨੀਕੇਸ਼ਨਜ਼ ਸੇਵਾਵਾਂ ਉੱਪਰ ਖਰੀਦ ਕੀਮਤ ਦੇਣ ਵੇਲੇ ਜਾਂ ਜਦੋਂ ਦੇਣ ਯੋਗ ਹੋਵੇ, ਜਿਹੜਾ ਵੀ ਇਨ੍ਹਾਂ ਵਿੱਚੋਂ ਪਹਿਲਾਂ ਆਵੇ, ਪੀ ਐੱਸ ਟੀ ਚਾਰਜ ਕਰਦੇ ਹੋ।

ਸ਼ਰਾਬ ਦੀ ਵਿਕਰੀ ਬਾਰੇ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ SST 094**, *ਲਿਕਰ ਸੈਲਰਜ਼* ਦੇਖੋ।

#### *ਲੀਜ਼ਾਂ (ਕਿਰਾਇਆਂ) 'ਤੇ*

ਤੁਸੀਂ ਲੀਜ਼ ਦੀ ਪੂਰੀ ਕੀਮਤ 'ਤੇ, ਲੀਜ਼ ਦੀ ਪੇਮੈਂਟ ਦਿੱਤੇ ਜਾਣ ਵੇਲੇ ਜਾਂ ਦੇਣ ਯੋਗ ਹੋਣ ਵੇਲੇ, ਜਿਹੜਾ ਵੀ ਇਨ੍ਹਾਂ ਵਿੱਚੋਂ ਪਹਿਲਾਂ ਆਵੇ, ਪੀ ਐੱਸ ਟੀ ਚਾਰਜ ਕਰਦੇ ਹੋ। ਲੀਜ਼ ਦੀ ਕੀਮਤ ਉਹ ਕੀਮਤ ਹੈ ਜਿਹੜੀ ਲੀਜ਼ ਕਰਨ ਵਾਲੇ ਨੂੰ ਕਿਸੇ ਪ੍ਰਾਪਰਟੀ ਦੀ ਵਰਤੋਂ ਕਰਨ ਦਾ ਹੱਕ ਲੈਣ ਲਈ ਕਿਰਾਏ ਦੇ ਹਰ ਸਮੇਂ ਲਈ ਦੇਣੀ ਪੈਂਦੀ ਹੈ, ਜਿਸ ਵਿਚ ਡਾਊਨ ਪੇਮੈਂਟ, ਰੌਇਲਟੀ ਜਾਂ ਲਾਇਸੰਸ ਫੀਸ ਵਰਗੀ ਕੋਈ ਵੀ ਹੋਰ ਫੀਸ ਵੀ ਸ਼ਾਮਲ ਹੈ।

ਲੀਜ਼ਾਂ ਅਤੇ ਕਿਰਾਇਆਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ SST 082**, *ਰੈਂਟਲਜ਼ ਐਂਡ ਲੀਜ਼ਿਜ਼ ਆਫ ਟੈਂਜਿਬਲ ਪਰਸਨਲ ਪ੍ਰਾਪਰਟੀ* ਅਤੇ **ਬੁਲੇਟਿਨ SST 103**, *ਲੈਜ਼ਰਜ਼ ਆਫ ਮੋਟਰ ਵਹੀਕਲਜ਼ ਐਂਡ ਟਰੇਲਰਜ਼* ਦੇਖੋ।

### *ਕਈ ਚੀਜ਼ਾਂ ਦੀ ਇਕੱਠੀ ਵਿਕਰੀ 'ਤੇ (ਟੈਕਸ ਲੱਗਣ ਯੋਗ ਅਤੇ ਟੈਕਸ ਨਾ ਲੱਗਣ ਯੋਗ ਚੀਜ਼ਾਂ ਜਾਂ ਸੇਵਾਵਾਂ ਜੋ ਇਕ ਕੀਮਤ 'ਤੇ ਇਕੱਠੀਆਂ ਵੇਚੀਆਂ ਜਾਂਦੀਆਂ ਹਨ)*

ਇਸ ਕਿਸਮ ਦੀ ਵਿਕਰੀ 'ਤੇ ਟੈਕਸ ਦੇ ਵੱਖਰੇ ਤਰੀਕੇ ਵਰਤੇ ਜਾ ਸਕਦੇ ਹਨ, ਜੋ ਕਿ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਬੰਡਲ (ਇਕੱਠੀਆਂ ਚੀਜ਼ਾਂ) ਦੀ ਕੀਮਤ ਕੀ ਹੈ ਅਤੇ ਬੰਡਲ ਵਿਚਲੀਆਂ ਟੈਕਸ ਲੱਗਣ ਯੋਗ ਚੀਜ਼ਾਂ ਜਾਂ ਸੇਵਾਵਾਂ ਦੀ ਕੀਮਤ ਕੀ ਹੈ। ਆਮ ਤੌਰ 'ਤੇ, ਜੇ ਟੈਕਸ ਲੱਗਣ ਯੋਗ ਕਿਸੇ ਚੀਜ਼ ਜਾਂ ਸਰਵਿਸ ਨੂੰ ਉਸ ਚੀਜ਼ ਜਾਂ ਸਰਵਿਸ ਨਾਲ ਇਕੱਠਾ ਕੀਤਾ ਜਾਂਦਾ ਹੈ ਜੋ ਟੈਕਸ ਲੱਗਣ ਯੋਗ ਨਹੀਂ ਹੈ ਅਤੇ ਦੋਨਾਂ ਨੂੰ ਇਕ ਕੀਮਤ 'ਤੇ ਵੇਚਿਆ ਜਾਂਦਾ ਹੈ ਤਾਂ ਤੁਸੀਂ ਟੈਕਸ ਲੱਗਣ ਯੋਗ ਚੀਜ਼ ਦੇ ਮਾਰਕੀਟ ਦੇ ਵਾਜਬ ਮੁੱਲ 'ਤੇ ਪੀ ਐੱਸ ਟੀ ਚਾਰਜ ਕਰਦੇ ਹੋ।

ਪਰ ਇਸ ਵਿਚ ਛੋਟਾਂ ਹਨ, ਇਸ ਕਰਕੇ ਜੇ ਤੁਸੀਂ ਇਸ ਕਿਸਮ ਦੀ ਵਿਕਰੀ ਕਰਦੇ ਹੋ ਤਾਂ ਕਿਰਪਾ ਕਰਕੇ **ਬੁਲੇਟਿਨ SST 119**, *ਬੰਡਲਡ ਸੇਲਜ਼: ਟੈਕਸੇਬਲ ਐਂਡ ਨੌਨ-ਟੈਕਸੇਬਲ ਗੁੱਡਜ਼ ਔਰ ਸਰਵਿਸਿਜ਼ ਸੋਲਡ ਟੂਗੈਦਰ ਫਾਰ ਏ ਸਿੰਗਲ ਪ੍ਰਾਈਸ* ਦੇਖੋ।

## ਕੀ ਮੈਨੂੰ ਫੈਡਰਲ ਗੁੱਡਜ਼ ਐਂਡ ਸਰਵਿਸਿਜ਼ ਟੈਕਸ (ਜੀ ਐੱਸ ਟੀ) ਉੱਪਰ ਪੀ ਐੱਸ ਟੀ ਲੈਣ ਦੀ ਲੋੜ ਹੈ?

ਨਹੀਂ। ਤੁਸੀਂ ਵੇਚਣ ਦੀ ਕੁੱਲ ਕੀਮਤ 'ਤੇ ਜੀ ਐੱਸ ਟੀ ਤੋਂ ਪਹਿਲਾਂ ਪੀ ਐੱਸ ਟੀ ਲੈਂਦੇ ਹੋ। ਵੇਚਣ ਦੀ ਕੁੱਲ ਕੀਮਤ ਵਿਚ ਉਹ ਸਾਰੇ ਚਾਰਜ ਸ਼ਾਮਲ ਹਨ ਜਿਹੜੇ ਕਿਸੇ ਗਾਹਕ ਨੂੰ ਚੀਜ਼ਾਂ ਦੀ ਮਾਲਕੀ ਹਾਸਲ ਕਰਨ ਤੋਂ ਪਹਿਲਾਂ ਦੇਣੇ ਪੈਂਦੇ ਹਨ, ਪਰ ਜਿਸ ਵਿਚ ਜੀ ਐੱਸ ਟੀ ਸ਼ਾਮਲ ਨਹੀਂ ਹੁੰਦਾ।

## ਕੀ ਮੈਂ ਗੈਰ-ਵਸਨੀਕਾਂ ਜਾਂ ਸੂਬੇ ਤੋਂ ਬਾਹਰਲੇ ਗਾਹਕਾਂ ਨੂੰ ਵਿਕਰੀ ਕਰਨ 'ਤੇ ਪੀ ਐੱਸ ਟੀ ਲੈਣੀ ਹੈ?

ਹਾਂ। ਤੁਸੀਂ ਬ੍ਰਿਟਿਸ਼ ਕੋਲੰਬੀਆ ਵਿਚ ਨਾ ਰਹਿਣ ਵਾਲੇ ਲੋਕਾਂ ਨੂੰ ਟੈਕਸ ਲੱਗਣ ਯੋਗ ਚੀਜ਼ਾਂ ਦੀ ਵਿਕਰੀ ਕਰਨ ਜਾਂ ਚੀਜ਼ਾਂ ਲੀਜ਼ 'ਤੇ ਦੇਣ ਅਤੇ ਸੂਬੇ ਤੋਂ ਬਾਹਰ ਕੀਤੀਆਂ ਗਈਆਂ ਵਿਕਰੀਆਂ ਜਾਂ ਲੀਜ਼ਾਂ ਉੱਪਰ ਪੀ ਐੱਸ ਟੀ ਚਾਰਜ ਕਰਦੇ ਹੋ, ਪਰ ਅੱਗੇ ਲਿਖੀਆਂ ਹਾਲਤਾਂ ਵਿਚ ਛੋਟ ਲਾਗੂ ਹੁੰਦੀ ਹੈ:

- ਤੁਸੀਂ ਕੋਈ ਉਹ ਚੀਜ਼ ਸ਼ਿਪ ਕਰਦੇ ਹੋ ਜਾਂ ਡਾਕ ਰਾਹੀਂ ਭੇਜਦੇ ਹੋ ਜਿਹੜੀ ਸੂਬੇ ਤੋਂ ਬਾਹਰਲੀ ਕਿਸੇ ਥਾਂ ਲਈ ਖਰੀਦੀ ਜਾਂ ਲੀਜ਼ ਕੀਤੀ ਗਈ ਸੀ
- ਤੁਸੀਂ ਆਪ ਸੂਬੇ ਤੋਂ ਬਾਹਰ ਕਿਸੇ ਥਾਂ ਨੂੰ ਚੀਜ਼ਾਂ ਡਿਲਿਵਰ ਕਰਦੇ ਹੋ

ਤੁਹਾਨੂੰ ਇਹ ਦਿਖਾਉਣ ਲਈ ਕਿ ਤੁਸੀਂ ਵਿਕਰੀ 'ਤੇ ਪੀ ਐੱਸ ਟੀ ਕਿਉਂ ਚਾਰਜ ਨਹੀਂ ਕੀਤਾ ਸ਼ਿਪਿੰਗ ਦੇ ਸਾਰੇ ਕਾਗਜ਼-ਪੱਤਰ ਅਤੇ ਮਾਲ ਦੇ ਬਿੱਲ ਜ਼ਰੂਰ ਸਾਂਭ ਕੇ ਰੱਖਣੇ ਚਾਹੀਦੇ ਹਨ।

ਜੇ ਤੁਸੀਂ ਸੂਬੇ ਤੋਂ ਬਾਹਰ ਕਿਸੇ ਥਾਂ ਨੂੰ ਚੀਜ਼ਾਂ ਆਪ ਡਿਲਿਵਰ ਕਰਦੇ ਹੋ ਤਾਂ ਤੁਹਾਡੇ ਅਤੇ ਤੁਹਾਡੇ ਗਾਹਕ ਲਈ *ਆਊਟ-ਆਫ-ਪ੍ਰੌਵਿੰਸ ਡਿਲਿਵਰੀ ਇਗਜ਼ੈਂਪਸ਼ਨ ਫਾਰਮ* (**FIN 448**) ਭਰਨਾ ਅਤੇ ਇਸ ਉੱਪਰ ਦਸਖ਼ਤ ਕਰਨਾ ਜ਼ਰੂਰੀ ਹੈ। ਆਪਣੇ ਰੀਕਾਰਡ ਲਈ ਫਾਰਮ ਸਾਂਭ ਕੇ ਰੱਖੋ। ਜੇ ਗਾਹਕ ਮਾਲ ਬ੍ਰਿਟਿਸ਼ ਕੋਲੰਬੀਆ ਵਿੱਚ ਲੈ ਲਵੇ ਜਾਂ ਡਿਲਿਵਰੀ ਦਾ ਆਪ ਪ੍ਰਬੰਧ ਕਰੇ ਤਾਂ ਤੁਸੀਂ ਪੀ ਐੱਸ ਟੀ ਚਾਰਜ ਕਰੋ।

ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ SST 007**, *ਪਰਚੇਜ਼ਿਜ਼ ਆਫ ਵਹੀਕਲਜ਼ ਬਾਈ ਨੌਨ-ਰੈਜ਼ੀਡੈਂਟਸ*, **SST 030**, *ਪਰਚੇਜ਼ਿਜ਼ ਬਾਈ ਨੌਨ-ਰੈਜ਼ੀਡੈਂਟਸ ਆਫ ਬ੍ਰਿਟਿਸ਼ ਕੋਲੰਬੀਆ* ਅਤੇ **SST 051**, *ਏਅਰਕਰਾਫਟ* ਦੇਖੋ।

## ਕੀ ਮੈਂ ਕੈਨੇਡਾ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੂੰ ਕੀਤੀਆਂ ਗਈਆਂ ਵਿਕਰੀਆਂ 'ਤੇ ਪੀ ਐੱਸ ਟੀ ਲੈਣਾ ਹੈ?

ਇਹ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਕੀ ਇਹ ਸੂਬਾਈ ਸਰਕਾਰ ਹੈ ਜਾਂ ਕੇਂਦਰੀ ਸਰਕਾਰ ਹੈ। ਤੁਸੀਂ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਨੂੰ ਕੀਤੀਆਂ ਗਈਆਂ ਸਾਰੀਆਂ ਵਿਕਰੀਆਂ ਅਤੇ ਲੀਜ਼ਾਂ ਉੱਪਰ ਪੀ ਐੱਸ ਟੀ ਲੈਂਦੇ ਹੋ, ਜੇ ਉਸ ਚੀਜ਼ ਨੂੰ ਟੈਕਸ ਤੋਂ ਛੋਟ ਨਹੀਂ ਹੈ। ਸੂਬਾਈ ਸਰਕਾਰ ਫੈਡਰਲ ਜੀ ਐੱਸ ਟੀ ਨਹੀਂ ਦਿੰਦੀ।

ਤੁਸੀਂ ਕੈਨੇਡਾ ਦੀ ਸਰਕਾਰ ਨੂੰ ਕੀਤੀਆਂ ਗਈਆਂ ਵਿਕਰੀਆਂ ਜਾਂ ਲੀਜ਼ਾਂ ਉੱਪਰ ਪੀ ਐੱਸ ਟੀ ਨਹੀਂ ਲੈਂਦੇ ਜਦੋਂ ਤੱਕ ਕੋਈ ਏਜੰਸੀ ਕੇਂਦਰੀ ਸਰਕਾਰ ਵਲੋਂ ਪੀ ਐੱਸ ਟੀ ਦੇਣ ਵਾਲੀ ਏਜੰਸੀ ਵਜੋਂ ਨਾ ਮਿੱਥੀ ਗਈ ਹੋਵੇ; ਪਰ, ਉਹ ਜੀ ਐੱਸ ਟੀ ਨਹੀਂ ਦਿੰਦੀਆਂ।

ਪੀ ਐੱਸ ਟੀ ਲਏ ਬਿਨਾਂ ਕੇਂਦਰੀ ਸਰਕਾਰ ਨੂੰ ਵਿਕਰੀਆਂ ਕਰਨ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ GEN 002**, *ਸੇਲਜ਼ ਐਂਡ ਲੀਜ਼ਜ਼ ਟੂ ਦਾ ਗਵਰਮੈਂਟਸ ਆਫ ਕੈਨੇਡਾ ਐਂਡ ਬ੍ਰਿਟਿਸ਼ ਕੋਲੰਬੀਆ* ਦੇਖੋ।

# ਪੀ ਐੱਸ ਟੀ ਬਾਰੇ ਦੱਸਣਾ ਅਤੇ ਜਮ੍ਹਾਂ ਕਰਵਾਉਣਾ

## ਮੈਨੂੰ ਟੈਕਸ ਰੀਟਰਨ ਫਾਰਮ ਕਿੰਨੇ ਸਮੇਂ ਬਾਅਦ ਮਿਲਦੇ ਹਨ?

ਅਸੀਂ ਤੁਹਾਡੀ ਰਜਿਸਟਰੇਸ਼ਨ ਵੇਲੇ ਤੁਹਾਡੇ ਵਲੋਂ ਰਿਪੋਰਟ ਕਰਨ ਦੇ ਸਮੇਂ ਨਿਸ਼ਚਤ ਕਰਦੇ ਹਾਂ ਜੋ ਕਿ ਪੀ ਐੱਸ ਟੀ ਦੀ ਅੰਦਾਜ਼ਨ ਉਸ ਰਕਮ ’ਤੇ ਆਧਾਰਿਤ ਹੁੰਦੇ ਹਨ ਜਿਹੜੀ ਤੁਸੀਂ ਹਰ ਮਹੀਨੇ ਇਕੱਠੀ ਕਰੋਗੇ।

ਪੀ ਐੱਸ ਟੀ ਬਾਰੇ ਰਿਪੋਰਟ ਕਰਨ ਦਾ ਸਮਾਂ ਮਹੀਨਾਵਾਰ, ਤਿਮਾਹੀ, ਛਿਮਾਹੀ, ਸਲਾਨਾ ਜਾਂ ਮੌਸਮੀ ਹੋ ਸਕਦਾ ਹੈ। ਤੁਹਾਡੇ *ਰਜਿਸਟਰੇਸ਼ਨ ਦੇ ਸਰਟੀਫਿਕੇਟ* ਨਾਲ ਜਿਹੜੀ ਚਿੱਠੀ ਅਸੀਂ ਤੁਹਾਨੂੰ ਭੇਜਦੇ ਹਾਂ, ਉਹ ਤੁਹਾਨੂੰ ਤੁਹਾਡੇ ਰਿਪੋਰਟ ਕਰਨ ਦੇ ਸਮੇਂ ਬਾਰੇ ਦੱਸਦੀ ਹੈ ਅਤੇ ਇਹ ਵੀ ਦੱਸਦੀ ਹੈ ਕਿ ਤੁਹਾਨੂੰ ਆਪਣਾ ਪਹਿਲਾ *ਸੋਸ਼ਲ ਸਰਵਿਸ ਟੈਕਸ ਰੀਟਰਨ* ਫਾਰਮ (**FIN 400**) ਕਦੋਂ ਮਿਲੇਗਾ।

ਜੇ ਤੁਹਾਡੇ ਵਲੋਂ ਨੇਮ ਨਾਲ ਇਕੱਠੇ ਕੀਤੇ ਜਾਣ ਵਾਲੇ ਪੀ ਐੱਸ ਟੀ ਦੀ ਰਕਮ ਵਿਚ ਤਬਦੀਲੀ ਆ ਜਾਂਦੀ ਹੈ ਤਾਂ ਅਸੀਂ ਤੁਹਾਡੇ ਰਿਪੋਰਟ ਕਰਨ ਦੇ ਸਮੇਂ ਵਿਚ ਵੀ ਤਬਦੀਲੀ ਕਰ ਸਕਦੇ ਹਾਂ। ਜੇ ਅਜਿਹਾ ਹੁੰਦਾ ਹੈ ਤਾਂ ਅਸੀਂ ਤੁਹਾਨੂੰ ਇਸ ਬਾਰੇ ਚਿੱਠੀ ਪਾ ਕੇ ਦੱਸਾਂਗੇ। ਤੁਸੀਂ ਵੀ ਸਾਨੂੰ ਰਿਪੋਰਟ ਕਰਨ ਦੇ ਸਮੇਂ ਵਿਚ ਤਬਦੀਲੀ ਕਰਨ ਲਈ ਕਹਿ ਸਕਦੇ ਹੋ; ਪਰ, ਅਸੀਂ ਆਪਣੀ ਮਨਜ਼ੂਰੀ ਉਸ ਰਕਮ ਨੂੰ ਆਧਾਰ ਬਣਾ ਕੇ ਦੇਵਾਂਗੇ ਜਿਹੜੀ ਤੁਸੀਂ ਪੀ ਐੱਸ ਟੀ ਦੀ ਨੇਮ ਨਾਲ ਵਸੂਲਦੇ ਹੋ।

## ਮੈਨੂੰ ਆਪਣਾ ਟੈਕਸ ਰੀਟਰਨ ਫਾਰਮ ਕਦੋਂ ਮਿਲਦਾ ਹੈ?

ਅਸੀਂ ਤੁਹਾਨੂੰ ਤੁਹਾਡੀਆਂ ਟੈਕਸ ਰੀਟਰਨਾਂ ਤੁਹਾਡੀ ਟੈਕਸ ਦੇਣ ਦੀ ਤਰੀਕ ਤੋਂ ਤਕਰੀਬਨ ਚਾਰ ਹਫਤੇ ਪਹਿਲਾਂ ਡਾਕ ਰਾਹੀਂ ਭੇਜਦੇ ਹਾਂ। ਤੁਹਾਨੂੰ ਆਪਣੀ ਟੈਕਸ ਰੀਟਰਨ ਆਪਣੇ ਰਿਪੋਰਟ ਕਰਨ ਦੇ ਸਮੇਂ ਦੇ ਅੰਤ ਦੇ ਨੇੜੇ ਮਿਲਣੀ ਚਾਹੀਦੀ ਹੈ। ਉਦਾਹਰਣ ਲਈ, ਜੇ ਤੁਸੀਂ ਮਹੀਨੇ ਬਾਅਦ ਰਿਪੋਰਟ ਕਰਦੇ ਹੋ ਤਾਂ ਤੁਹਾਨੂੰ ਟੈਕਸ ਰੀਟਰਨ ਹਰ ਮਹੀਨੇ ਦੇ ਅੰਤ ਤੋਂ ਪਹਿਲਾਂ ਮਿਲਣੀ ਚਾਹੀਦੀ ਹੈ।

## ਮੈਂ ਆਪਣੀ ਟੈਕਸ ਰੀਟਰਨ ਕਿਵੇਂ ਮੁਕੰਮਲ ਕਰਾਂ?

ਟੈਕਸ ਰੀਟਰਨ ਫਾਰਮ (**FIN 400**) ਦੇ ਪਿਛਲੇ ਪਾਸੇ ਇਕ ਵਰਕਸ਼ੀਟ ਹੁੰਦੀ ਹੈ ਜਿਹੜੀ ਤੁਹਾਡੇ ਵਲੋਂ ਜਮ੍ਹਾਂ ਕਰਵਾਈ ਜਾਣ ਵਾਲੀ ਪੀ ਐੱਸ ਟੀ ਦੀ ਰਕਮ ਦਾ ਹਿਸਾਬ ਲਾਉਣ ਲਈ ਕਦਮ-ਦਰ-ਕਦਮ ਹਿਦਾਇਤਾਂ ਦਿੰਦੀ ਹੈ। ਇਹ ਤੁਹਾਨੂੰ ਉਸ ਕਮਿਸ਼ਨ ਦਾ ਹਿਸਾਬ ਵੀ ਲਾਉਣ ਦਿੰਦੀ ਹੈ ਜਿਹੜਾ ਤੁਸੀਂ ਕਮਾਇਆ ਹੁੰਦਾ ਹੈ। ਫਾਰਮ ਦੇ ਹਰ ਹਿੱਸੇ ਬਾਰੇ ਵਿਸਥਾਰ ਵਿਚ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ SST 032**, *ਕੰਪਲੀਟਿੰਗ ਦਾ ਟੈਕਸ ਰੀਟਰਨ ਫਾਰਮ* ਦੇਖੋ।

## ਮੈਂ ਆਪਣੇ ਕਮਿਸ਼ਨ ਦਾ ਹਿਸਾਬ ਕਿਵੇਂ ਲਾਉਣਾ ਹੈ?

ਤੁਸੀਂ ਆਪਣੇ ਕਮਿਸ਼ਨ ਦਾ ਹਿਸਾਬ ਰਿਪੋਰਟ ਕਰਨ ਦੇ ਸਮੇਂ ਲਈ ਪੀ ਐੱਸ ਟੀ ਦੀ ਇਕੱਠੀ ਕਰਨ ਯੋਗ ਰਕਮ ਨੂੰ ਆਧਾਰ ਬਣਾ ਕੇ ਲਾਉਂਦੇ ਹੋ। ਵੱਧ ਤੋਂ ਵੱਧ ਤੁਸੀਂ 198 ਡਾਲਰ ਕਲੇਮ ਕਰ ਸਕਦੇ ਹੋ। ਅੱਗੇ ਦਿੱਤਾ ਟੇਬਲ ਇਹ ਦਿਖਾਉਂਦਾ ਹੈ ਕਿ ਤੁਸੀਂ ਆਪਣੀ ਟੈਕਸ ਰੀਟਰਨ ਦੇ ਖਾਨੇ ਸੀ ਵਿਚ ਕਿੰਨੇ ਪੈਸੇ ਕਲੇਮ ਕਰ ਸਕਦੇ ਹੋ।

| ***ਜੇ ਖਾਨੇ ਬੀ ਵਿਚ ਰਕਮ ਹੈ...*** | ***ਫਿਰ ਤੁਸੀਂ ਖਾਨੇ ਸੀ ਵਿਚ ਕਲੇਮ ਕਰ ਸਕਦੇ ਹੋ...*** |
|---|---|
| $22.00 ਜਾਂ ਘੱਟ | ਟੈਕਸ ਦੀ ਜਿਹੜੀ ਰਕਮ ਤੁਸੀਂ ਇਕੱਠੀ ਕੀਤੀ ਹੈ (ਖਾਨੇ ਬੀ ਵਿਚਲੀ ਰਕਮ) |
| $22.01 ਤੋਂ $333.33 | $22.00 |
| $333.33 ਨਾਲੋਂ ਜ਼ਿਆਦਾ | ਖਾਨੇ ਬੀ ਵਿਚ ਇਕੱਠੀ ਕੀਤੀ ਗਈ ਰਕਮ ਦਾ 6.6 %, $198.00 ਤੱਕ |

ਹਰ ਅਦਾਰੇ ਪਿੱਛੇ ਤੁਸੀਂ ਸਿਰਫ ਇਕ ਕਮਿਸ਼ਨ ਹੀ ਕਲੇਮ ਕਰ ਸਕਦੇ ਹੋ ਭਾਵੇਂ ਤੁਹਾਡੇ ਕਾਰੋਬਾਰ ਦੇ ਇਕ ਨਾਲੋਂ ਜ਼ਿਆਦਾ ਸਥਾਨ ਹੋਣ ਅਤੇ ਅਸੀਂ ਤੁਹਾਨੂੰ ਇਕ ਨਾਲੋਂ ਜ਼ਿਆਦਾ ਟੈਕਸ ਰੀਟਰਨਾਂ ਭੇਜਦੇ ਹੋਈਏ। ਤੁਸੀਂ ਉਸ ਅਦਾਰੇ ਦੇ ਸਾਰੇ ਸਥਾਨਾਂ ਤੋਂ ਸਾਂਝੇ ਤੌਰ ’ਤੇ ਇਕੱਠੇ ਕੀਤੇ ਗਏ ਪੀ ਐੱਸ ਟੀ ’ਤੇ ਆਪਣੇ ਕਮਿਸ਼ਨ ਦਾ ਹਿਸਾਬ ਲਾਉਂਦੇ ਹੋ। ਤੁਸੀਂ ਕਮਿਸ਼ਨ ਤਾਂ ਹੀ ਕਲੇਮ ਕਰ ਸਕਦੇ ਹੋ ਜੇ ਤੁਸੀਂ ਆਪਣੀ ਟੈਕਸ ਰੀਟਰਨ ਅਤੇ ਪੇਮੈਂਟ ਸਮੇਂ ਸਿਰ ਭੇਜਦੇ ਹੋ।

## ਪਰ ਜੇ ਮੇਰੀ ਕੋਈ ਵਿਕਰੀ ਨਾ ਹੋਈ ਹੋਵੇ ਜਾਂ ਪੀ ਐੱਸ ਟੀ ਰਿਪੋਰਟ ਕਰਨ ਵਾਲਾ ਨਾ ਹੋਵੇ ਤਾਂ ਕੀ ਹੋਵੇਗਾ?

ਰੀਟਰਨ ਦੇ ਸਮੇਂ ਦੌਰਾਨ ਜੇ ਤੁਹਾਡੀ ਕੋਈ ਵਿਕਰੀ ਨਹੀਂ ਹੁੰਦੀ ਜਾਂ ਪੀ ਐੱਸ ਟੀ ਰਿਪੋਰਟ ਕਰਨ ਵਾਲਾ ਨਾ ਹੋਵੇ ਤਾਂ ਤੁਹਾਨੂੰ ਫਿਰ ਵੀ ਆਪਣੀ ਟੈਕਸ ਰੀਟਰਨ ਭਰਨੀ ਅਤੇ ਸਮੇਂ ਸਿਰ ਭੇਜਣੀ ਪਵੇਗੀ। ਫਾਰਮ ’ਤੇ ਢੁਕਵੀਆਂ ਥਾਂਵਾਂ ’ਤੇ “0” ਜਾਂ “ਨਿਲ” ਭਰੋ। ਬੈਂਕਾਂ ਨਿਲ ਟੈਕਸ ਰੀਟਰਨਾਂ ਸਾਨੂੰ ਭੇਜ ਨਹੀਂ ਸਕਦੀਆਂ। ਇਹ ਫਾਰਮ ਉੱਪਰ ਲਿਖੇ ਐਡਰੈਸ ’ਤੇ ਡਾਕ ਰਾਹੀਂ ਜਾਂ ਫੈਕਸ ਨੰਬਰ ’ਤੇ ਫੈਕਸ ਰਾਹੀਂ ਭੇਜੀਆਂ ਜਾਣੀਆਂ ਜ਼ਰੂਰੀ ਹਨ।

## ਮੇਰੀ ਟੈਕਸ ਰੀਟਰਨ ਕਦੋਂ ਭੇਜੀ ਜਾਣੀ ਜ਼ਰੂਰੀ ਹੈ?

ਰਿਪੋਰਟ ਕਰਨ ਦੇ ਆਪਣੇ ਸਮੇਂ ਦੇ ਅੰਤ ਤੋਂ ਬਾਅਦ ਦੇ ਮਹੀਨੇ ਦੀ 23 ਤਰੀਕ ਤੱਕ ਤੁਹਾਡੀ ਟੈਕਸ ਰੀਟਰਨ ਭੇਜੀ ਜਾਣੀ ਜ਼ਰੂਰੀ ਹੈ। ਉਦਾਹਰਣ ਲਈ, ਜੇ ਤੁਸੀਂ 31 ਜੁਲਾਈ ਨੂੰ ਖਤਮ ਹੋਣ ਵਾਲੇ ਸਮੇਂ ਲਈ ਰਿਪੋਰਟ ਭੇਜਣੀ ਹੈ ਤਾਂ ਮਨਿਸਟਰੀ ਨੂੰ ਤੁਹਾਡੀ ਟੈਕਸ ਰੀਟਰਨ 23 ਅਗਸਤ ਤੱਕ ਮਿਲਣੀ ਜ਼ਰੂਰੀ ਹੈ। ਅਸੀਂ ਰੀਟਰਨ ਭੇਜਣ ਦੀ ਤਰੀਕ ਫਾਰਮ ਦੇ ਅੱਗੇ ਵੱਡੇ ਕਾਲੇ ਤੀਰ ਦੇ ਨਿਸ਼ਾਨ ਦੇ ਨਾਲ ਲਿਖਦੇ ਹਾਂ।

ਤੁਹਾਡੀ ਟੈਕਸ ਰੀਟਰਨ ਅਤੇ ਪੇਮੈਂਟ ਨੂੰ ਸਮੇਂ ਸਿਰ ਮਿਲ ਗਏ ਸਮਝਣ ਲਈ ਅੱਗੇ ਲਿਖੀਆਂ ਸ਼ਰਤਾਂ ਲਾਗੂ ਹੁੰਦੀਆਂ ਹਨ।

> ਜੇ ਤੁਸੀਂ ਆਪਣੀ ਟੈਕਸ ਰੀਟਰਨ ਅਤੇ ਪੇਮੈਂਟ ਡਾਕ ਰਾਹੀਂ ਜਾਂ ਕੋਰੀਅਰ ਰਾਹੀਂ ਭੇਜਦੇ ਹੋ ਤਾਂ ਉਹ ਰਿਪੋਰਟ ਕਰਨ ਦੇ ਆਪਣੇ ਸਮੇਂ ਦੇ ਅੰਤ ਤੋਂ ਬਾਅਦ ਦੇ ਮਹੀਨੇ ਦੀ 23 ਤਰੀਕ ਨੂੰ ਦਫਤਰ ਬੰਦ ਹੋਣ ਤੋਂ ਪਹਿਲਾਂ (ਬਾਅਦ ਦੁਪਹਿਰ 4:30 ਵਜੇ ਤੋਂ ਪਹਿਲਾਂ) ਮਨਿਸਟਰੀ ਨੂੰ ਮਿਲਣੀ ਜ਼ਰੂਰੀ ਹੈ।

> ਜੇ ਤੁਸੀਂ ਆਪਣੀ ਟੈਕਸ ਰੀਟਰਨ ਅਤੇ ਪੇਮੈਂਟ ਨਿੱਜੀ ਤੌਰ ’ਤੇ ਮਨਿਸਟਰੀ ਦੇ ਕਿਸੇ ਸਥਾਨ, ਸਰਵਿਸ ਬੀ ਸੀ ਸੈਂਟਰ ਜਾਂ ਕਿਸੇ ਬੈਂਕ/ਕਰੈਡਿਟ ਯੂਨੀਅਨ ਵਿਚ ਦਿੰਦੇ ਹੋ ਤਾਂ ਟੈਕਸ ਰੀਟਰਨ ’ਤੇ ਪੇਮੈਂਟ ਭੇਜੇ ਜਾਣ ਦੀ ਤਰੀਕ ਜਾਂ ਉਸ ਤੋਂ ਪਹਿਲਾਂ ਦੀ ਤਰੀਕ ਦੀ ਮੋਹਰ ਲੱਗੀ ਹੋਣੀ ਜ਼ਰੂਰੀ ਹੈ।

> ਜੇ ਤੁਸੀਂ ਆਪਣੀ ਟੈਕਸ ਰੀਟਰਨ ਅਤੇ ਪੇਮੈਂਟ ਕਿਸੇ ਬੈਂਕ/ਕਰੈਡਿਟ ਯੂਨੀਅਨ ਰਾਹੀਂ ਔਨਲਾਈਨ ਜਮ੍ਹਾਂ ਕਰਵਾਉਂਦੇ ਹੋ ਤਾਂ ਤੁਹਾਨੂੰ ਬੈਂਕ/ਕਰੈਡਿਟ ਯੂਨੀਅਨ ਦੇ ਨਿਸ਼ਚਤ ਕੱਟ-ਔਫ ਸਮੇਂ ਜਾਂ ਤਰੀਕ ਤੋਂ ਜਾਣੂ ਹੋਣਾ ਚਾਹੀਦਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਤੁਹਾਡੀ ਟੈਕਸ ਰੀਟਰਨ ਅਤੇ ਪੇਮੈਂਟ ਮਨਿਸਟਰੀ ਨੂੰ, ਮਿਲਣ ਦੀ ਤਰੀਕ ਨੂੰ ਜਾਂ ਉਸ ਤੋਂ ਪਹਿਲਾਂ ਮਿਲ ਜਾਵੇ।

> ਜੇ ਤੁਸੀਂ ਆਪਣੀ ਟੈਕਸ ਰੀਟਰਨ ਅਤੇ ਪੇਮੈਂਟ ਦਫਤਰ ਬੰਦ ਹੋਣ ਦੇ ਸਮੇਂ ਤੋਂ ਬਾਅਦ, ਵਿਕਟੋਰੀਆ ਵਿਚ ਮਨਿਸਟਰ ਦੇ ਦਫਤਰ 1802 ਡਗਲਸ ਸਟਰੀਟ ’ਤੇ ਜਾਂ ਸੂਬੇ ਭਰ ਵਿਚ ਸਰਵਿਸ ਬੀ ਸੀ ਸੈਂਟਰਾਂ ਵਿਚ ਲੱਗੇ ਡਰੌਪ ਬੌਕਸਾਂ ਵਿਚ ਪਾਉਂਦੇ ਹੋ ਤਾਂ ਇਸ ਨੂੰ ਸਮੇਂ ਸਿਰ ਮਿਲ ਗਈ ਸਮਝਣ ਲਈ, ਮਿਲਣ ਵਾਲੀ ਤਰੀਕ ਤੋਂ ਅਗਲੇ ਦਿਨ ਦੇ ਆਰੰਭ ਤੱਕ (ਸਵੇਰ ਦੇ 8:30 ਵਜੇ ਤੱਕ) ਉੱਥੇ ਹੋਣਾ ਜ਼ਰੂਰੀ ਹੈ।

ਜੇ ਟੈਕਸ ਰੀਟਰਨ ਭੇਜਣ ਦੀ ਤਰੀਕ, ਹਫਤੇ ਅੰਤ (ਵੀਕਐਂਡ) ’ਤੇ ਜਾਂ ਬ੍ਰਿਟਿਸ਼ ਕੋਲੰਬੀਆ ਦੀ ਕਿਸੇ ਸਰਕਾਰੀ ਛੁੱਟੀ ਵਾਲੇ ਦਿਨ ਆਉਂਦੀ ਹੈ ਤਾਂ ਟੈਕਸ ਰੀਟਰਨ, ਮਿਲਣ ਦੀ ਤਰੀਕ ਤੋਂ ਬਾਅਦ ਪਹਿਲੇ ਕਾਰੋਬਾਰੀ ਦਿਨ ਨੂੰ ਬਾਅਦ ਦੁਪਹਿਰ 4:30 ਵਜੇ ਤੱਕ ਮਨਿਸਟਰੀ ਨੂੰ ਮਿਲਣੀ ਜ਼ਰੂਰੀ ਹੈ।

ਆਪਣੀ ਟੈਕਸ ਰੀਟਰਨ ਭੇਜਣ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ GEN 012**, *ਰਿਮਿਟਿੰਗ ਟੈਕਸ* ਦੇਖੋ।

## ਜੇ ਮੇਰੀ ਟੈਕਸ ਰੀਟਰਨ ਲੇਟ ਹੋ ਜਾਵੇ ਤਾਂ ਕੀ ਹੋਵੇਗਾ?

ਜੇ ਤੁਸੀਂ ਆਪਣੀ ਟੈਕਸ ਰੀਟਰਨ ਲੇਟ ਦਰਜ ਕਰਵਾਉਂਦੇ ਹੋ ਜਾਂ ਸਾਰਾ ਬਕਾਇਆ ਪੀ ਐੱਸ ਟੀ ਨਹੀਂ ਭੇਜਦੇ ਤਾਂ ਅਸੀਂ ਲੇਟ ਹੋਈ ਜਾਂ ਬਕਾਇਆ ਰਹਿੰਦੀ ਰਕਮ ’ਤੇ ਵਿਆਜ ਲਾਵਾਂਗੇ ਅਤੇ ਤੁਹਾਨੂੰ ਮਿਲਣ ਵਾਲਾ ਕਮਿਸ਼ਨ ਦੇਣ ਤੋਂ ਨਾਂਹ ਕਰ ਸਕਦੇ ਹਾਂ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **ਬੁਲੇਟਿਨ GEN 004**, *ਪੈਨਲਟੀ ਐਂਡ ਇਨਟਰੈਸਟ ਚਾਰਜਿਜ਼ ਫਾਰ ਓਵਰਡਿਊ ਟੈਕਸ ਰੀਟਰਨਜ਼* ਦੇਖੋ।

## ਜੇ ਮੈਨੂੰ ਆਪਣੀ ਟੈਕਸ ਰੀਟਰਨ ਸਮੇਂ ਸਿਰ ਨਾ ਮਿਲੇ ਤਾਂ ਕੀ ਹੋਵੇਗਾ?

ਜੇ ਤੁਹਾਨੂੰ ਆਪਣੀ ਟੈਕਸ ਰੀਟਰਨ ਨਹੀਂ ਮਿਲਦੀ ਤਾਂ ਤੁਹਾਡੇ ਲਈ ਫਿਰ ਵੀ ਆਪਣੀ ਪੀ ਐੱਸ ਟੀ ਰਿਪੋਰਟ ਅਤੇ ਟੈਕਸ ਸਮੇਂ ਸਿਰ ਭੇਜਣੇ ਜ਼ਰੂਰੀ ਹਨ। ਤੁਸੀਂ ਸਾਡੇ ਵੈੱਬਸਾਈਟ ’ਤੋਂ ਇਕ *ਖਾਲੀ ਸੋਸ਼ਲ ਸਰਵਿਸ ਟੈਕਸ ਰੀਟਰਨ* ਫਾਰਮ (**FIN 400**) ਲੈ ਸਕਦੇ ਹੋ। ਤੁਸੀਂ ਟੈਕਸ ਰੀਟਰਨ ਫਾਰਮ ਦੀ ਕਾਪੀ ’ਤੇ ਜਾਂ ਕੋਰੇ ਕਾਗਜ਼ ’ਤੇ ਵੀ ਸਾਰੀ ਨਿਰਧਾਰਿਤ ਜਾਣਕਾਰੀ ਦੇ ਸਕਦੇ ਹੋ (ਆਪਣਾ ਪੀ ਐੱਸ ਟੀ ਰਜਿਸਟਰੇਸ਼ਨ ਨੰਬਰ ਲਿਖਣਾ ਯਾਦ ਰੱਖੋ)।

**ਕਿਰਪਾ ਕਰਕੇ ਨੋਟ ਕਰੋ:** ਬੈਂਕਾਂ ਟੈਕਸ ਰੀਟਰਨ ਦੀਆਂ ਫੋਟੋਕਾਪੀਆਂ ਜਾਂ ਸਾਡੇ ਵੈੱਬਸਾਈਟ ਤੋਂ ਛਾਪੀਆਂ ਗਈਆਂ ਕਾਪੀਆਂ ਨਹੀਂ ਲੈ ਸਕਦੀਆਂ ਕਿਉਂਕਿ ਇਨ੍ਹਾਂ ਫਾਰਮਾਂ ’ਤੇ ਮੈਗਨੈਟਿਕ ਇੰਕ ਕੋਡਿੰਗ ਨਹੀਂ ਹੁੰਦੀ ਜਿਸ ਦੀ ਕਿ ਰੀਟਰਨ ਮੁਕੰਮਲ ਕਰਨ ਲਈ ਉਨ੍ਹਾਂ ਨੂੰ ਲੋੜ ਹੁੰਦੀ ਹੈ। ਕਿਰਪਾ ਕਰਕੇ ਸਾਡੇ ਮਨਿਸਟਰੀ ਦੇ ਕਿਸੇ ਦਫਤਰ ਨੂੰ ਜਾਂ ਸਰਵਿਸ ਬੀ ਸੀ ਸੈਂਟਰ ਨੂੰ ਡਾਕ ਰਾਹੀਂ ਭੇਜੋ, ਫੈਕਸ ਕਰੋ ਜਾਂ ਟੈਕਸ ਰੀਟਰਨ ਫਾਰਮ ਦੀਆਂ ਕਾਪੀਆਂ ਆਪ ਆ ਕੇ ਦਿਉ।

### ਮੈਂ ਆਪਣੀ ਟੈਕਸ ਰੀਟਰਨ ਕਿੱਥੇ ਫਾਇਲ ਕਰਾਂ?

#### *ਇਲੈਕਟਰੌਨਿਕ ਫਾਇਲਿੰਗ ਐਂਡ ਪੇਮੈਂਟ (ਈ-ਫਾਇਲਿੰਗ)*

ਤੁਸੀਂ ਹਿੱਸਾ ਲੈਂਦੀਆਂ ਬੈਂਕਾਂ/ਕਰੈਡਿਟ ਯੂਨੀਅਨਾਂ ਰਾਹੀਂ ਆਪਣੀ ਟੈਕਸ ਰੀਟਰਨ ਅਤੇ ਪੇਮੈਂਟ ਇੰਟਰਨੈੱਟ ਰਾਹੀਂ ਭੇਜ ਸਕਦੇ ਹੋ। ਤੁਹਾਨੂੰ ਇਸ ਔਨਲਾਈਨ ਸਰਵਿਸ ਲਈ ਆਪਣੀ ਬੈਂਕ ਕੋਲ ਸਿੱਧਾ ਦਰਜ ਹੋਣਾ ਪਵੇਗਾ। ਜ਼ਿਆਦਾ ਜਾਣਕਾਰੀ ਅਤੇ ਹਿੱਸਾ ਲੈ ਰਹੀਆਂ ਬੈਂਕਾਂ/ਕਰੈਡਿਟ ਯੂਨੀਅਨਾਂ ਦੀ ਲਿਸਟ ਲੈਣ ਲਈ ਕਿਰਪਾ ਕਰਕੇ ਸਾਡਾ ਬਰੋਸ਼ਰ *ਔਨਲਾਈਨ ਫਾਇਲਿੰਗ ਐਂਡ ਪੇਮੈਂਟ ਆਫ ਪ੍ਰੋਵਿੰਸ਼ੀਅਲ ਸੇਲਜ਼ ਟੈਕਸ (ਪੀ ਐੱਸ ਟੀ)* ਦੇਖੋ ਜਾਂ ਆਪਣੀ ਬੈਂਕ ਨੂੰ ਪੁੱਛੋ ਕਿ ਕੀ ਉਹ ਇਹ ਸਰਵਿਸ ਦਿੰਦੀ ਹੈ।

#### *ਵਿੱਤੀ ਸੰਸਥਾਵਾਂ (ਬੈਂਕਾਂ, ਕਰੈਡਿਟ ਯੂਨੀਅਨਾਂ, ਟਰੱਸਟ ਕੰਪਨੀਆਂ)*

ਕੈਨੇਡਾ ਦੀਆਂ ਬਹੁਤੀਆਂ ਵਿੱਤੀ ਸੰਸਥਾਵਾਂ ਟੈਕਸ ਰੀਟਰਨਾਂ ਅਤੇ ਪੇਮੈਂਟਾਂ ਲੈਂਦੀਆਂ ਹਨ। ਆਪਣੀ ਬੈਂਕ ਨੂੰ ਪੁੱਛੋ ਕਿ ਕੀ ਉਹ ਇਹ ਸਰਵਿਸ ਦਿੰਦੀ ਹੈ।

#### *ਮਨਿਸਟਰੀ ਦੇ ਸਥਾਨ ਜਾਂ ਸਰਵਿਸ ਬੀ ਸੀ ਸੈਂਟਰ*

ਤੁਸੀਂ ਮਨਿਸਟਰੀ ਆਫ ਸਮਾਲ ਬਿਜ਼ਨਸ ਐਂਡ ਰੈਵੇਨਿਊ ਜਾਂ ਸਰਵਿਸ ਬੀ ਸੀ -ਸਰਕਾਰੀ ਏਜੰਟ ਦੇ ਕਿਸੇ ਵੀ ਦਫਤਰ ਵਿਚ ਦੇ ਸਕਦੇ ਹੋ। ਆਪਣੇ ਇਲਾਕੇ ਵਿਚਲੇ ਸਥਾਨਾਂ ਦਾ ਪਤਾ ਲਾਉਣ ਲਈ ਕਿਰਪਾ ਕਰਕੇ ਆਪਣੀ ਟੈਲੀਫੋਨ ਡਾਇਰੈਕਟਰੀ ਦੇ ਨੀਲੇ ਪੰਨਿਆਂ 'ਤੇ ਸੂਬਾਈ ਸਰਕਾਰ ਥੱਲੇ ਦੇਖੋ।

#### ਕੋਰੀਅਰ ਲਈ ਐਡਰੈਸ

*Ministry of Small Business and Revenue*
1802 Douglas Street, Victoria BC V8T 4K6

*Ministry of Small Business and Revenue*
Suite 800-360 West Georgia Street, Vancouver BC V6B 6B2

## ਪੈਸਿਆਂ ਦੀ ਵਾਪਸੀ

### ਕੀ ਮੈਂ ਪੀ ਐੱਸ ਟੀ ਦੀ ਵਾਪਸੀ ਦਾ ਕਲੇਮ ਕਰ ਸਕਦਾ/ਸਕਦੀ ਹਾਂ?

ਜੇ ਤੁਸੀਂ ਪੀ ਐੱਸ ਟੀ ਗਲਤੀ ਨਾਲ ਦੇ ਦਿੱਤਾ ਹੈ ਜਾਂ ਪੀ ਐੱਸ ਟੀ ਜ਼ਿਆਦਾ ਦੇ ਦਿੱਤਾ ਹੈ ਤਾਂ ਤੁਸੀਂ ਇਸ ਨੂੰ ਵਾਪਸ ਲੈਣ ਲਈ ਕਲੇਮ ਕਰ ਸਕਦੇ ਹੋ। ਤੁਸੀਂ ਸਾਡੇ ਤੋਂ ਆਪਣੇ ਪੈਸੇ ਸਮੇਂ ਸਿਰ ਵਾਪਸ ਕੀਤੇ ਜਾਣ ਦੀ ਉਮੀਦ ਰੱਖ ਸਕਦੇ ਹੋ, ਜਿਵੇਂ ਕਿ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ ਵਿਚ ਦੱਸਿਆ ਗਿਆ ਹੈ।* ਤੁਹਾਡੇ ਲਈ ਟੈਕਸ ਦੇਣ ਤੋਂ ਬਾਅਦ ਦੇ ਚਾਰ ਸਾਲਾਂ ਦੇ ਵਿਚ ਵਿਚ ਵਾਪਸੀ ਦਾ ਕਲੇਮ ਕਰਨਾ ਜ਼ਰੂਰੀ ਹੈ। 10 ਡਾਲਰ ਨਾਲੋਂ ਘੱਟ ਰਕਮ ਦੇ ਕਲੇਮ ਵਾਪਸੀ ਲਈ ਯੋਗ ਨਹੀਂ ਹਨ। ਉਦਾਹਰਣ ਲਈ, ਤੁਸੀਂ ਪੈਸੇ ਵਾਪਸੀ ਲਈ ਕਲੇਮ ਕਰ ਸਕਦੇ ਹੋ ਜੇ ਪੀ ਐੱਸ ਟੀ:

> ਛੋਟ ਵਾਲੀਆਂ ਚੀਜ਼ਾਂ ਜਾਂ ਸੇਵਾਵਾਂ 'ਤੇ ਗਲਤੀ ਨਾਲ ਦਿੱਤਾ ਗਿਆ ਹੈ
> ਟੈਕਸ ਦਾ ਹਿਸਾਬ ਲਾਉਣ ਵਿਚ ਗਲਤੀ ਹੋਣ ਕਾਰਨ ਵਾਧੂ ਦਿੱਤਾ ਗਿਆ ਹੈ
> ਰਜਿਸਟਰਸ਼ੁਦਾ ਵੈਂਡਰ ਵਲੋਂ ਦੁਬਾਰਾ ਵਿਕਰੀ ਲਈ ਖਰੀਦੀਆਂ ਗਈਆਂ ਚੀਜ਼ਾਂ 'ਤੇ ਦਿੱਤਾ ਹੈ ਜਾਂ ਵੈਂਡਰ ਵਲੋਂ ਰਜਿਸਟਰੇਸ਼ਨ ਦੇ ਸਰਟੀਫਿਕੇਟ ਲਈ ਅਪਲਾਈ ਕਰਨ ਅਤੇ ਇਹ ਮਿਲਣ ਦੇ ਸਮੇਂ ਵਿਚਕਾਰ ਦਿੱਤਾ ਗਿਆ ਹੈ
> ਦੁਬਾਰਾ ਵਿਕਰੀ ਲਈ ਖਰੀਦੀਆਂ ਗਈਆਂ ਚੀਜ਼ਾਂ 'ਤੇ, ਖਰੀਦਦਾਰ ਵਲੋਂ ਰਜਿਸਟਰੇਸ਼ਨ ਲਈ ਅਪਲਾਈ ਕਰਨ ਤੋਂ ਪਹਿਲਾਂ ਦਿੱਤਾ ਗਿਆ ਹੈ
> ਕੈਂਸਲ ਹੋ ਗਈ ਵਿਕਰੀ 'ਤੇ ਦਿੱਤਾ ਹੈ
> ਉਸ ਵਿਕਰੀ 'ਤੇ ਦਿੱਤਾ ਹੈ ਜਿਸ ਦੇ ਪੈਸੇ ਮਾਰੇ ਗਏ ਹਨ
> ਵਿਕਰੇਤਾ ਨੇ ਚਾਰਜ ਕੀਤਾ ਅਤੇ ਭੇਜਿਆ ਹੈ ਪਰ ਬਾਅਦ ਵਿਚ ਖਰੀਦਦਾਰ ਨੇ ਇਸ ਨੂੰ ਛੋਟ ਵਜੋਂ ਕਲੇਮ ਕੀਤਾ ਹੈ

ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ **ਬੁਲੇਟਿਨ GEN 008**, *ਰੀਫੰਡਜ਼ ਆਫ ਓਵਰਪੇਮੈਂਟਸ ਆਫ ਟੈਕਸ* ਅਤੇ **ਬੁਲੇਟਿਨ GEN 001**, *ਰੀਫੰਡ ਆਫ ਟੈਕਸ ਰਿਮਿਟਿਡ ਔਨ ਸੇਲਜ਼ ਰਿਟਨ ਔਫ ਐਜ਼ "ਬੈਡ ਡੈੱਟਸ* ਦੇਖੋ।

### ਕੀ ਮੈਂ ਆਪਣੇ ਗਾਹਕਾਂ ਨੂੰ ਪੀ ਐੱਸ ਟੀ ਵਾਪਸ ਕਰ ਸਕਦਾ/ਸਕਦੀ ਹਾਂ?

#### *90 ਦਿਨਾਂ ਦੇ ਵਿਚ ਵਿਚ ਮੋੜੀਆਂ ਗਈਆਂ ਚੀਜ਼ਾਂ*

ਵਿਕਰੀ ਤੋਂ ਬਾਅਦ 90 (ਡਿਲਿਵਰ ਕਰਨ ਦੀ ਤਰੀਕ ਤੋਂ ਬਾਅਦ) ਦਿਨਾਂ ਦੇ ਵਿਚ ਵਿਚ ਤੁਹਾਨੂੰ ਮੋੜੀਆਂ ਗਈਆਂ ਚੀਜ਼ਾਂ ਲਈ ਤੁਸੀਂ ਆਪਣੇ ਗਾਹਕ ਨੂੰ ਖਰੀਦ ਕੀਮਤ 'ਤੇ ਦਿੱਤਾ ਗਿਆ ਪੀ ਐੱਸ ਟੀ ਵਾਪਸ ਕਰਦੇ ਹੋ।

ਜੇ ਤੁਸੀਂ ਚੀਜ਼ ਨੂੰ ਮੁੜ ਕੇ ਸਟਾਕ ਵਿਚ ਰੱਖਣ ਲਈ ਗਾਹਕ ਤੋਂ ਚਾਰਜ ਕਰਦੇ ਹੋ ਤਾਂ ਤੁਸੀਂ ਆਪਣੇ ਗਾਹਕ ਨੂੰ ਘਟਾ ਕੇ ਮੋੜੀ ਗਈ ਰਕਮ ਉੱਪਰ ਪੀ ਐੱਸ ਟੀ ਵਾਪਸ ਕਰਦੇ ਹੋ। ਤੁਸੀਂ ਆਪਣੇ ਗਾਹਕ ਨੂੰ ਮੋੜਿਆ ਗਿਆ ਪੀ ਐੱਸ ਟੀ, ਆਪਣੀ ਅਗਲੀ ਟੈਕਸ ਰੀਟਰਨ (**FIN 400**). ਦੇ ਕਦਮ 4 ਵਿਚ ਅਡਜਸਟਮੈਂਟ ਕਰਕੇ ਵਾਪਸ ਲੈ ਸਕਦੇ ਹੋ। ਅਡਜਸਟਮੈਂਟ ਦੇ ਸਬੂਤ ਵਜੋਂ ਕਾਗਜ਼-ਪੱਤਰ ਤੁਹਾਡੇ ਲਈ ਆਪਣੇ ਰਿਕਾਰਡ ਵਿਚ ਰੱਖਣੇ ਜ਼ਰੂਰੀ ਹਨ।

### *90 ਦਿਨਾਂ ਦੇ ਬਾਅਦ ਵਿਚ ਮੋੜੀਆਂ ਗਈਆਂ ਚੀਜ਼ਾਂ*

90 ਦਿਨਾਂ ਤੋਂ ਬਾਅਦ, ਤੁਹਾਡੇ ਗਾਹਕ ਲਈ, ਦਿੱਤਾ ਗਿਆ ਪੀ ਐੱਸ ਟੀ ਵਾਪਸ ਲੈਣ ਲਈ ਮਨਿਸਟਰੀ ਆਫ ਸਮਾਲ ਬਿਜ਼ਨਸ ਐਂਡ ਰੈਵੇਨਿਊ ਕੋਲ ਅਪਲਾਈ ਕਰਨਾ ਜ਼ਰੂਰੀ ਹੈ, ਪਰ ਇਹ ਗੱਲ ਮੋਟਰ ਗੱਡੀਆਂ 'ਤੇ ਲਾਗੂ ਨਹੀਂ ਹੁੰਦੀ। ਮੋਟਰ ਗੱਡੀਆਂ ਲਈ 90 ਦਿਨਾਂ ਵਿਚ ਵਾਪਸੀ ਦੇ ਸਮੇਂ ਨੂੰ ਵਧਾਇਆ ਗਿਆ ਹੈ, ਜਿਸ ਬਾਰੇ ਅੱਗੇ ਦੱਸਿਆ ਗਿਆ ਹੈ।

### *ਇਕ ਸਾਲ ਦੇ ਵਿਚ ਵਿਚ ਮੋੜੀਆਂ ਗਈਆਂ ਮੋਟਰ ਗੱਡੀਆਂ*

ਜਦੋਂ ਕੋਈ ਗਾਹਕ ਤੁਹਾਡੇ ਵਲੋਂ ਕੀਤੀ ਗਈ ਡਿਲਿਵਰੀ ਤੋਂ ਬਾਅਦ ਇਕ ਸਾਲ ਦੇ ਸਮੇਂ ਦੇ ਵਿਚ ਵਿਚ ਤੁਹਾਨੂੰ ਗੱਡੀ ਵਾਪਸ ਕਰਦਾ ਹੈ ਤਾਂ ਤੁਸੀਂ ਖਰੀਦ ਕੀਮਤ 'ਤੇ ਦਿੱਤਾ ਗਿਆ ਪੀ ਐੱਸ ਟੀ ਉਸ ਨੂੰ ਵਾਪਸ ਕਰਦੇ ਹੋ। ਜੇ ਗਾਹਕ ਤੁਹਾਨੂੰ 90 ਦਿਨਾਂ ਦੇ ਵਿਚ ਵਿਚ ਗੱਡੀ ਵਾਪਸ ਕਰਦਾ ਹੈ ਤਾਂ ਤੁਸੀਂ ਆਪਣੇ ਗਾਹਕ ਨੂੰ ਮੋੜਿਆ ਗਿਆ ਪੀ ਐੱਸ ਟੀ ਆਪਣੀ ਅਗਲੀ ਟੈਕਸ ਰੀਟਰਨ ਦੇ ਕਦਮ 4 ਵਿਚ ਭਰ ਕੇ ਵਾਪਸ ਲੈ ਸਕਦੇ ਹੋ।

ਜੇ ਗਾਹਕ ਤੁਹਾਨੂੰ ਗੱਡੀ 90 ਦਿਨਾਂ ਤੋਂ ਬਾਅਦ (ਪਰ ਇਕ ਸਾਲ ਦੇ ਵਿਚ ਵਿਚ) ਮੋੜਦਾ ਹੈ ਤਾਂ ਤੁਸੀਂ ਆਪਣੇ ਗਾਹਕ ਨੂੰ ਮੋੜਿਆ ਗਿਆ ਪੀ ਐੱਸ ਟੀ ਜਾਂ ਤਾਂ ਆਪਣੇ ਟੈਕਸ ਅਕਾਊਂਟ ਵਿਚ ਅੰਦਰੂਨੀ ਅਡਜਸਟਮੈਂਟ ਕਰਕੇ ਜਾਂ *ਐਪਲੀਕੇਸ਼ਨ ਫਾਰ ਰੀਫੰਡ ਫਾਰਮ* (**FIN 413**) ਦਰਜ ਕਰਵਾ ਕੇ ਵਾਪਸ ਲੈ ਸਕਦੇ ਹੋ। ਆਪਣੇ ਰਿਕਾਰਡ ਵਿਚ ਟੈਕਸ ਅਕਾਊਂਟ ਦੀ ਅੰਦਰੂਨੀ ਅਡਜਸਟਮੈਂਟ ਕਰਨ ਬਾਰੇ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **ਬੁਲੇਟਿਨ SST 032**, *ਕੰਪਲੀਟਿੰਗ ਦਾ ਟੈਕਸ ਰੀਟਰਨ ਫਾਰਮ* ਦੇਖੋ।

### *ਇਕ ਸਾਲ ਤੋਂ ਬਾਅਦ ਮੋੜੀਆਂ ਗਈਆਂ ਮੋਟਰ ਗੱਡੀਆਂ*

ਇਕ ਸਾਲ ਤੋਂ ਬਾਅਦ, ਤੁਹਾਡੇ ਗਾਹਕ ਲਈ, ਗੱਡੀ ਉੱਪਰ ਦਿੱਤਾ ਗਿਆ ਪੀ ਐੱਸ ਟੀ ਵਾਪਸ ਲੈਣ ਲਈ ਮਨਿਸਟਰੀ ਆਫ ਸਮਾਲ ਬਿਜ਼ਨਸ ਐਂਡ ਰੈਵੇਨਿਊ ਕੋਲ ਅਪਲਾਈ ਕਰਨਾ ਜ਼ਰੂਰੀ ਹੈ। *ਐਪਲੀਕੇਸ਼ਨ ਫਾਰ ਰੀਫੰਡ ਆਫ ਸੋਸ਼ਲ ਸਰਵਿਸ ਟੈਕਸ ਪੇਡ ਔਨ ਏ ਮੋਟਰ ਵਹੀਕਲ ਫਾਰਮ* (**FIN 413/MV**) ਸਾਡੇ ਵੈੱਬਸਾਈਟ ਤੋਂ ਲਿਆ ਜਾ ਸਕਦਾ ਹੈ।

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **ਬੁਲੇਟਿਨ SST 079**, *ਸਰਵਿਸ ਚਾਰਜਿਜ਼, ਟਰੇਡ-ਇਨਜ਼ ਐਂਡ ਰੀਟਰਨਜ਼* ਦੇਖੋ।
**ਕਿਰਪਾ ਕਰਕੇ ਨੋਟ ਕਰੋ:** ਦਿੱਤੇ ਗਏ ਟੈਕਸ ਦੀ ਵਾਪਸੀ, ਨਵੀਂ ਖਰੀਦ ਲਈ ਵਟਾਈਆਂ ਗਈਆਂ ਚੀਜ਼ਾਂ ਉੱਪਰ ਲਾਗੂ ਨਹੀਂ ਹੁੰਦੀ।

# ਖਾਤੇ ਅਤੇ ਰਿਕਾਰਡ

## ਮੈਨੂੰ ਕਿਹੜੇ ਰਿਕਾਰਡ ਰੱਖਣੇ ਚਾਹੀਦੇ ਹਨ?

ਤੁਹਾਨੂੰ ਅੱਗੇ ਲਿਖੇ ਵੇਰਵੇ ਦੇਣ ਲਈ ਲੋੜੀਂਦੇ ਖਾਤੇ ਅਤੇ ਰਿਕਾਰਡ ਜ਼ਰੂਰ ਰੱਖਣੇ ਪੈਣੇ ਹਨ:

> ਤੁਹਾਡੀਆਂ ਸਾਰੀਆਂ ਵਿਕਰੀਆਂ ਅਤੇ ਲੀਜ਼ਾਂ (ਟੈਕਸ ਲੱਗਣ ਯੋਗ ਅਤੇ ਟੈਕਸ ਨਾ ਲੱਗਣ ਯੋਗ);
> ਟੈਕਸ ਦੀ ਲਈ ਗਈ, ਭੇਜੀ ਗਈ ਅਤੇ ਲਏ ਗਏ ਕਮਿਸ਼ਨ ਦੀ ਰਕਮ;
> ਸਟਾਕ ਲਈ ਅਤੇ ਆਪਣੀ ਵਰਤੋਂ ਲਈ ਕੀਤੀਆਂ ਗਈਆਂ ਤੁਹਾਡੀਆਂ ਸਾਰੀਆਂ ਖਰੀਦਾਂ ਅਤੇ ਲੀਜ਼ਾਂ।

## ਮੈਨੂੰ ਰਿਕਾਰਡ ਕਿੰਨੇ ਸਮੇਂ ਲਈ ਰੱਖਣ ਦੀ ਲੋੜ ਹੈ?

ਤੁਹਾਡੇ ਲਈ ਆਪਣੇ ਕਾਰੋਬਾਰ ਨਾਲ ਸੰਬੰਧਿਤ ਸਾਰੇ ਖਾਤੇ, ਰਿਕਾਰਡ ਅਤੇ ਕਾਗਜ਼-ਪੱਤਰ ਪੰਜ ਸਾਲਾਂ ਲਈ ਰੱਖਣੇ ਜ਼ਰੂਰੀ ਹਨ। ਤੁਸੀਂ ਜੇ ਚਾਹੋ ਤਾਂ ਪੰਜ ਸਾਲਾਂ ਤੋਂ ਪੁਰਾਣੇ ਰਿਕਾਰਡ ਨਸ਼ਟ ਕਰ ਸਕਦੇ ਹੋ। ਜੇ ਤੁਸੀਂ ਪੰਜ ਸਾਲਾਂ ਤੋਂ ਪਹਿਲਾਂ ਸੂਬਾਈ ਟੈਕਸ ਨਾਲ ਸੰਬੰਧਿਤ ਕੋਈ ਰਿਕਾਰਡ ਨਸ਼ਟ ਕਰਨਾ ਚਾਹੁੰਦੇ ਹੋਵੋ ਤਾਂ ਤੁਹਾਨੂੰ ਮਨਿਸਟਰੀ ਆਫ ਸਮਾਲ ਬਿਜ਼ਨਸ ਐਂਡ ਰੈਵੇਨਿਊ ਤੋਂ ਲਿਖਤੀ ਆਗਿਆ ਲੈਣ ਦੀ ਲੋੜ ਹੈ। ਸਾਨੂੰ ਸਾਡੇ ਵੈਨਕੂਵਰ ਜਾਂ ਵਿਕਟੋਰੀਆ ਦੇ ਐਡਰੈਸ 'ਤੇ ਚਿੱਠੀ ਲਿਖੋ (ਉਪਰਲਾ ਭਾਗ, **ਸਾਡੇ ਨਾਲ ਸੰਪਰਕ ਕਰੋ ਦੇਖੋ**)।

**ਕਿਰਪਾ ਕਰਕੇ ਨੋਟ ਕਰੋ:** ਕੁਝ ਕੇਸਾਂ ਵਿਚ, ਤੁਸੀਂ ਛੋਟ ਲਈ ਆਪਣੀ ਹੱਕਦਾਰੀ ਸਥਾਪਤ ਕਰਨ ਲਈ ਟੈਕਸ ਨਾਲ ਸੰਬੰਧਿਤ ਆਪਣੇ ਰਿਕਾਰਡ ਲੰਮੇ ਸਮੇਂ ਲਈ ਵੀ ਰੱਖਣੇ ਚਾਹ ਸਕਦੇ ਹੋ। ਉਦਾਹਰਣ ਲਈ, ਇਕ ਦੂਜੀ ਨਾਲ ਸਬੰਧਿਤ ਕੰਪਨੀਆਂ ਵਿਚਕਾਰ ਤਬਦੀਲ ਕੀਤੀ ਗਈ ਸੰਪਤੀ 'ਤੇ ਛੋਟ ਦੇ ਹੱਕਦਾਰ ਹੋਣ ਲਈ ਤੁਹਾਨੂੰ ਇਹ ਦਿਖਾਉਣ ਲਈ ਰਿਕਾਰਡਾਂ ਦੀ ਲੋੜ ਹੈ ਕਿ ਸੰਪਤੀ ਉੱਪਰ ਟੈਕਸ ਦਿੱਤਾ ਗਿਆ ਸੀ। ਤੁਹਾਨੂੰ ਇਹ ਰਿਕਾਰਡ ਦਿਖਾਉਣ ਦੀ ਲੋੜ ਹੈ ਭਾਵੇਂ ਇਹ ਪੰਜ ਸਾਲਾਂ ਨਾਲੋਂ ਪੁਰਾਣੇ ਹੀ ਹੋਣ।

# ਆਡਿਟਸ

> ਅਸੀਂ ਤੁਹਾਡੇ ਨਾਲ ਵਾਜਬ ਵਰਤਾਉ, ਓਹਲੇ ਅਤੇ ਭੇਤਦਾਰੀ ਦੇ ਹੱਕ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਜਿਵੇਂ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ* ਵਿਚ ਦੱਸਿਆ ਗਿਆ ਹੈ।

## ਆਡਿਟ ਕੀ ਹੈ?

ਆਡਿਟ (ਲੇਖਾ-ਪੜਤਾਲ) ਇਹ ਪੱਕਾ ਕਰਨ ਲਈ ਤੁਹਾਡੇ ਕਾਰੋਬਾਰ ਦੇ ਵਿੱਤੀ ਰਿਕਾਰਡ ਦੀ ਇਕ ਰਸਮੀ ਜਾਂਚ ਹੈ ਕਿ ਤੁਸੀਂ ਕਾਨੂੰਨ ਮੁਤਾਬਕ ਟੈਕਸ ਦੇ ਰਹੇ ਹੋ, ਇਕੱਠਾ ਕਰ ਰਹੇ ਹੋ ਅਤੇ ਜਮ੍ਹਾਂ ਕਰਵਾ ਰਹੇ ਹੋ, ਅਤੇ ਇਸ ਦਾ ਮੰਤਵ ਉਨ੍ਹਾਂ ਖੇਤਰਾਂ ਦੀ ਪਛਾਣ ਕਰਨਾ ਵੀ ਹੈ ਜਿੱਥੇ ਤੁਸੀਂ ਇਹ ਸ਼ਾਇਦ ਗਲਤ ਕਰ ਰਹੇ ਹੋਵੋ।

ਜੇ ਅਸੀਂ ਆਡਿਟ ਲਈ ਤੁਹਾਡੇ ਕਾਰੋਬਾਰ ਨੂੰ ਚੁਣਦੇ ਹਾਂ ਤਾਂ ਇਕ ਆਡੀਟਰ, ਆਡਿਟ ਕਰਨ ਲਈ ਦੋਨਾਂ ਧਿਰਾਂ ਲਈ ਢੁਕਵਾਂ ਸਮਾਂ ਮਿੱਥਣ ਲਈ ਤੁਹਾਡੇ ਨਾਲ ਟੈਲੀਫੋਨ 'ਤੇ ਸੰਪਰਕ ਕਰੇਗਾ ਜਾਂ ਤੁਹਾਨੂੰ ਚਿੱਠੀ ਭੇਜੇਗਾ। ਤੁਹਾਡੇ ਖਾਤਿਆਂ ਅਤੇ ਰਿਕਾਰਡਾਂ ਦੀ ਜਾਂਚ ਕਰਨ ਤੋਂ ਪਹਿਲਾਂ, ਆਡੀਟਰ ਤੁਹਾਡੇ ਨਾਲ ਜਾਂ ਤੁਹਾਡੇ ਵਲੋਂ ਨਿਯੁਕਤ ਕੀਤੇ ਗਏ ਵਿਅਕਤੀ ਨਾਲ ਤੁਹਾਡੇ ਕਾਰੋਬਾਰ ਦੀ ਕਿਸਮ, ਅਕਾਊਂਟਿੰਗ ਸਿਸਟਮ ਅਤੇ ਅਕਾਊਂਟਿੰਗ ਦੀਆਂ ਮੁਢਲੀਆਂ ਕਾਰਵਾਈਆਂ ਬਾਰੇ ਵਿਚਾਰ ਕਰੇਗਾ। ਇਸ ਦੇ ਨਾਲ ਹੀ ਸਰਵਿਸ ਦੇ ਉਨ੍ਹਾਂ ਮਿਆਰਾਂ ਅਤੇ ਵਤੀਰੇ ਬਾਰੇ ਵੀ ਗੱਲਬਾਤ ਕੀਤੀ ਜਾਵੇਗੀ ਜਿਨ੍ਹਾਂ ਦੀ ਤੁਸੀਂ ਸਾਡੇ ਤੋਂ ਉਮੀਦ ਰੱਖ ਸਕਦੇ ਹੋ, ਜਿਵੇਂ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ* ਵਿਚ ਦੱਸਿਆ ਗਿਆ ਹੈ। ਤੁਸੀਂ ਛੋਟੇ ਕਾਰੋਬਾਰਾਂ ਬਾਰੇ ਆਡਿਟ ਦੀ ਆਮ ਕਾਰਵਾਈ ਬਾਰੇ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ* ਦੀ ਅੰਤਿਕਾ ਵਿਚ ਵੀ ਦੇਖ ਸਕਦੇ ਹੋ।

## ਮੈਨੂੰ ਆਡਿਟ ਕਿਉਂ ਕੀਤਾ ਜਾ ਰਿਹਾ ਹੈ?

ਬ੍ਰਿਟਿਸ਼ ਕੋਲੰਬੀਆ ਦਾ ਟੈਕਸ ਸਿਸਟਮ ਆਪਣੇ ਆਪ ਪਾਲਣਾ ਕਰਨ ਦੇ ਸਿਧਾਂਤ 'ਤੇ ਚੱਲਦਾ ਹੈ। ਟੈਕਸ ਦੇਣ ਵਾਲਾ ਹਰ ਵਿਅਕਤੀ ਆਪਣੀਆਂ ਟੈਕਸ ਲੱਗਣ ਯੋਗ ਖਰੀਦਾਂ ਉੱਪਰ ਟੈਕਸ ਦੇਣ, ਸਹੀ ਤਰੀਕੇ ਨਾਲ ਅਤੇ ਸਮੇਂ ਸਿਰ ਟੈਕਸ ਇਕੱਠਾ ਕਰਨ ਅਤੇ ਜਮ੍ਹਾਂ ਕਰਵਾਉਣ ਲਈ ਜ਼ਿੰਮੇਵਾਰ ਹੈ।

ਜੇ ਟੈਕਸ ਦੇਣ ਵਾਲੇ ਕੁਝ ਲੋਕ ਟੈਕਸ ਇਕੱਠਾ ਨਾ ਕਰਨ ਅਤੇ ਜਮ੍ਹਾਂ ਨਾ ਕਰਵਾਉਣ ਜਾਂ ਆਪਣੀਆਂ ਖਰੀਦਾਂ 'ਤੇ ਟੈਕਸ ਨਾ ਦੇਣ ਤਾਂ ਹਰ ਇਕ 'ਤੇ ਅਸਰ ਪੈਂਦਾ ਹੈ। ਆਡਿਟ ਇਹ ਪੱਕਾ ਕਰਨ ਵਿਚ ਮਦਦ ਕਰਦੇ ਹਨ ਕਿ ਟੈਕਸ ਦੇਣ ਵਾਲੇ ਸਾਰੇ ਲੋਕ ਟੈਕਸਾਂ ਦਾ ਆਪਣਾ ਹਿੱਸਾ ਦੇ ਰਹੇ ਹਨ, ਅਤੇ ਇਸ ਨਾਲ ਬ੍ਰਿਟਿਸ਼ ਕੋਲੰਬੀਆਂ ਦੇ ਸਾਰੇ ਕਾਰੋਬਾਰਾਂ ਲਈ ਕਾਰੋਬਾਰ ਕਰਨ ਦੇ ਇਕੋ ਜਿਹੇ ਹਾਲਾਤ ਪੈਦਾ ਕਰਨ ਨੂੰ ਉਤਸ਼ਾਹ ਮਿਲਦਾ ਹੈ।

## ਕੀ ਟੈਕਸ ਦੇਣ ਵਾਲੇ ਸਾਰੇ ਲੋਕਾਂ ਨੂੰ ਆਡਿਟ ਕੀਤਾ ਜਾਂਦਾ ਹੈ?

ਹਾਂ। ਟੈਕਸ ਦੇਣ ਵਾਲੇ ਕਿਸੇ ਵੀ ਵਿਅਕਤੀ ਨੂੰ ਆਡਿਟ ਕੀਤਾ ਜਾ ਸਕਦਾ ਹੈ। ਇਸ ਵਿਚ ਵਿਅਕਤੀ, ਉਤਪਾਦਕ, ਥੋਕ ਦੇ ਵਪਾਰੀ ਅਤੇ ਪ੍ਰਚੂਨ ਵਿਕਰੇਤਾ – ਵੱਡੇ ਜਾਂ ਛੋਟੇ – ਸਭ ਸ਼ਾਮਲ ਹਨ।

ਜੇ ਤੁਹਾਡਾ ਕਾਰੋਬਾਰ ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਸਥਿਤ ਹੈ ਅਤੇ ਤੁਸੀਂ ਸੂਬੇ ਵਿਚ ਕਾਰੋਬਾਰ ਕਰਦੇ ਹੋ ਤਾਂ ਤੁਹਾਡਾ ਵੀ ਆਡਿਟ ਹੋ ਸਕਦਾ ਹੈ।

## ਆਡੀਟਰ ਕੀ ਲੱਭ ਰਿਹਾ ਹੁੰਦਾ ਹੈ?

ਆਡੀਟਰ ਇਹ ਸਬੂਤ ਲੱਭਦਾ ਹੈ ਕਿ ਕੀ ਤੁਸੀਂ ਆਪਣੀਆਂ ਵਿਕਰੀਆਂ ਜਾਂ ਲੀਜ਼ਾਂ ਉੱਪਰ ਪੀ ਐੱਸ ਟੀ ਸਹੀ ਤਰੀਕੇ ਨਾਲ ਇਕੱਠਾ ਕੀਤਾ ਹੈ ਅਤੇ ਜਮ੍ਹਾਂ ਕਰਵਾਇਆ ਹੈ, ਅਤੇ ਸਹੀ ਤਰੀਕੇ ਨਾਲ ਆਪਣੀਆਂ ਖਰੀਦਾਂ ਜਾਂ ਲੀਜ਼ਾਂ ਉੱਪਰ ਪੀ ਐੱਸ ਟੀ ਦਿੱਤਾ ਹੈ। ਆਡੀਟਰ, ਆਡਿਟ ਦੌਰਾਨ ਇਹ ਸਾਰੇ ਜਾਂ ਕੁਝ ਖੇਤਰ ਚੈੱਕ ਕਰੇਗਾ:

> ਕੀ ਤੁਸੀਂ ਆਪਣੇ ਗਾਹਕਾਂ ਨੂੰ ਕੀਤੀਆਂ ਗਈਆਂ ਵਿਕਰੀਆਂ ਜਾਂ ਲੀਜ਼ਾਂ ਉੱਪਰ ਸਹੀ ਤਰੀਕੇ ਨਾਲ ਪੀ ਐੱਸ ਟੀ ਲਾਗੂ ਕੀਤਾ ਅਤੇ ਗਿਣਿਆ ਹੈ?
> ਕੀ ਤੁਸੀਂ ਇਕੱਠਾ ਕੀਤਾ ਜਾਂ ਆਪਣੇ ਹਿਸਾਬ ਨਾਲ ਨਿਸ਼ਚਿਤ ਕੀਤਾ ਪੀ ਐੱਸ ਟੀ ਇਕ ਟੈਕਸ ਅਕਾਊਂਟ ਵਿੱਚ ਰੱਖਿਆ ਹੈ ਅਤੇ ਉਸ ਰਕਮ ਨੂੰ ਸਮੇਂ ਸਿਰ ਸੂਬੇ ਕੋਲ ਜਮ੍ਹਾਂ ਕਰਵਾਇਆ ਹੈ?
> ਕੀ ਤੁਸੀਂ ਕਾਰੋਬਾਰ ਵਿਚ ਵਰਤੋਂ ਲਈ ਜਾਂ ਨਿੱਜੀ ਵਰਤੋਂ ਲਈ ਖਰੀਦੇ ਜਾਂ ਲੀਜ਼ ਕੀਤੇ ਟੈਕਸ ਲੱਗਣ ਯੋਗ ਸਾਜ਼-ਸਮਾਨ ਅਤੇ ਸਪਲਾਈ ਉੱਪਰ ਪੀ ਐੱਸ ਟੀ ਦਿੱਤਾ ਹੈ, ਜਿਸ ਵਿਚ ਸੂਬੇ ਤੋਂ ਬਾਹਰ ਖਰੀਦੀਆਂ ਜਾਂ ਲੀਜ਼ ਕੀਤੀਆਂ ਗਈਆਂ ਚੀਜ਼ਾਂ ਵੀ ਸ਼ਾਮਲ ਹਨ?
> ਕੀ ਤੁਸੀਂ ਆਪਣੇ ਕਾਰੋਬਾਰ ਲਈ ਜਾਂ ਨਿੱਜੀ ਵਰਤੋਂ ਲਈ ਖਰੀਦੀਆਂ ਗਈਆਂ ਚੀਜ਼ਾਂ 'ਤੇ ਆਪਣਾ ਪੀ ਐੱਸ ਟੀ ਰਜਿਸਟਰੇਸ਼ਨ ਨੰਬਰ, ਐੱਸ ਆਰ ਐੱਨ ਜਾਂ *ਛੋਟ ਦਾ ਸਰਟੀਫਿਕੇਟ* ਗਲਤ ਤਰੀਕੇ ਨਾਲ ਵਰਤਿਆ ਹੈ (ਜਿਵੇਂ ਮਸ਼ਹੂਰੀ ਜਾਂ ਨਮੂਨਿਆਂ ਲਈ ਚੀਜ਼ਾਂ)?

- > ਕੀ ਤੁਸੀਂ ਕਾਰੋਬਾਰ ਜਾਂ ਨਿੱਜੀ ਵਰਤੋਂ ਲਈ ਆਪਣੀ ਰੀਸੇਲ ਜਾਂ ਲੀਜ਼ ਦੇ ਸਟਾਕ ਵਿੱਚੋਂ ਲਈਆਂ ਗਈਆਂ ਚੀਜ਼ਾਂ ਉੱਪਰ ਆਪਣੇ ਵਲੋਂ ਦਿੱਤੇ ਜਾਣ ਵਾਲੇ ਪੀ ਐੱਸ ਟੀ ਦਾ ਹਿਸਾਬ ਲਾਇਆ ਹੈ?
- > ਜੇ ਤੁਹਾਡੇ ਕੋਲ ਐੱਸ ਆਰ ਐੱਨ ਹੈ ਤਾਂ ਕੀ ਤੁਸੀਂ ਸਹੀ ਤਰੀਕੇ ਨਾਲ ਪੀ ਐੱਸ ਟੀ ਦਾ ਹਿਸਾਬ ਲਾਇਆ ਹੈ?
- > ਜਦੋਂ ਤੁਸੀਂ ਟੈਕਸ ਲੱਗਣ ਯੋਗ ਚੀਜ਼ਾਂ ਦੀਆਂ ਵਿਕਰੀਆਂ ਜਾਂ ਲੀਜ਼ਾਂ 'ਤੇ ਟੈਕਸ ਤੋਂ ਛੋਟ ਦਿੱਤੀ ਤਾਂ ਕੀ ਤੁਸੀਂ ਇਨਵੋਆਇਸਾਂ 'ਤੇ ਆਪਣੇ ਗਾਹਕਾਂ ਦੇ ਪੀ ਐੱਸ ਟੀ ਰਜਿਸਟਰੇਸ਼ਨ ਨੰਬਰ ਜਾਂ ਐੱਸ ਆਰ ਐੱਨ ਸਹੀ ਤਰੀਕੇ ਨਾਲ ਰਿਕਾਰਡ ਕੀਤੇ ਜਾਂ ਭਰੇ ਹੋਏ ਛੋਟ ਦੇ *ਸਰਟੀਫਿਕੇਟ* ਲਏ?
- > ਕੀ ਤੁਸੀਂ ਇਹ ਦਿਖਾਉਣ ਲਈ ਰਿਕਾਰਡ ਰੱਖੇ ਕਿ ਤੁਸੀਂ ਸੂਬੇ ਤੋਂ ਬਾਹਰ ਭੇਜੀਆਂ ਜਾਂ ਡਿਲਿਵਰ ਕੀਤੀਆਂ ਗਈਆਂ ਚੀਜ਼ਾਂ 'ਤੇ ਪੀ ਐੱਸ ਟੀ ਕਿਉਂ ਨਹੀਂ ਲਿਆ?

ਆਡੀਟਰ ਤੁਹਾਡਾ ਕੋਈ ਵੀ ਰਿਕਾਰਡ ਦੇਖ ਸਕਦਾ ਹੈ। ਆਮ ਤੌਰ 'ਤੇ ਆਡੀਟਰ ਇਹ ਚੀਜ਼ਾਂ ਦੇਖੇਗਾ:

- > ਫਾਇਨੈਂਸ਼ੀਅਲ ਸਟੇਟਮੈਂਟਾਂ, ਜਿਵੇਂ ਕਿ ਤੁਹਾਡੀ ਇਨਕਮ ਸਟੇਟਮੈਂਟ ਅਤੇ ਬੈਲੇਂਸ ਸ਼ੀਟ, ਜਿਸ ਵਿਚ ਪੂੰਜੀ ਦੇ ਵਾਧੇ ਜਾਂ ਘਾਟਿਆਂ ਦਾ ਹਿਸਾਬ ਵੀ ਸ਼ਾਮਲ ਹੈ;
- > ਉਹ ਖਾਤੇ ਜਿੱਥੋਂ ਫਾਇਨੈਂਸ਼ੀਅਲ ਸਟੇਟਮੈਂਟਾਂ ਲਈਆਂ ਗਈਆਂ ਹਨ, ਜਿਵੇਂ ਕਿ ਜਨਰਲ ਲੈੱਜਰ, ਪਰਚੇਜ਼ ਜਾਂ ਸੇਲਜ਼ ਜਰਨਲ, ਕੈਸ਼ ਰਸੀਦਾਂ ਜਾਂ ਡਿਸਬਰਸਮੈਂਟ ਜਰਨਲ, ਜਾਂ ਇਨ੍ਹਾਂ ਦਾ ਕੋਈ ਵੀ ਜੋੜ;
- > ਕਾਗਜ਼-ਪੱਤਰਾਂ ਦੇ ਸ੍ਰੋਤ, ਜਿਵੇਂ ਕਿ ਇਨਵੋਆਇਸਾਂ, ਬੈਂਕ ਸਟੇਟਮੈਂਟਾਂ, ਕੈਂਸਲ ਹੋਈਆਂ ਚਿਕਾਂ, ਡਿਪਾਜ਼ਿਟ ਸਲਿੱਪਾਂ ਅਤੇ ਕੈਸ਼ ਰਜਿਸਟਰ ਦੀਆਂ ਟੇਪਾਂ।

### ਆਡਿਟ ਤੋਂ ਬਾਅਦ ਕੀ ਹੁੰਦਾ ਹੈ?

ਆਡੀਟਰ ਵਲੋਂ ਆਡਿਟ ਖਤਮ ਕਰ ਲੈਣ ਤੋਂ ਬਾਅਦ, ਉਹ ਨਿਕਲੇ ਨਤੀਜਿਆਂ ਬਾਰੇ ਤੁਹਾਡੇ ਨਾਲ ਗੱਲ ਕਰੇਗਾ। ਗੱਲਬਾਤ ਦੌਰਾਨ ਆਡੀਟਰ:

- > ਆਡਿਟ ਦੇ ਨਤੀਜਿਆਂ ਬਾਰੇ ਤੁਹਾਨੂੰ ਦੱਸੇਗਾ;
- > ਆਡਿਟ ਲਈ ਵਰਤੇ ਗਏ ਪੇਪਰਾਂ ਦੀ ਸਾਮੱਗਰੀ ਬਾਰੇ ਵਿਚਾਰ ਕਰੇਗਾ ਅਤੇ ਇਸ ਬਾਰੇ ਦੱਸੇਗਾ;
- > ਅਡਿਟ ਦਾ ਨਤੀਜਾ ਜੇ ਅਸੈੱਸਮੈਂਟ ਵਿਚ ਨਿਕਲਦਾ ਹੈ ਤਾਂ ਤੁਹਾਨੂੰ ਇਹ ਦੱਸੇਗਾ ਕਿ ਤੁਹਾਡੀ ਅਸੈੱਸਮੈਂਟ ਕਿਉਂ ਕੀਤੀ ਗਈ ਹੈ ਅਤੇ ਭਵਿੱਖ ਵਿਚ ਅਜਿਹੀ ਹਾਲਤ ਤੋਂ ਕਿਵੇਂ ਬਚਣਾ ਹੈ;
- > ਤੁਹਾਨੂੰ ਇਹ ਦੱਸੇਗਾ ਕਿ ਜੇ ਤੁਸੀਂ ਆਡਿਟ ਦੇ ਨਤੀਜਿਆਂ ਨਾਲ ਅਸਹਿਮਤ ਹੋਵੋ ਤਾਂ ਤੁਸੀਂ ਕੀ ਕਰ ਸਕਦੇ ਹੋ;
- > ਇਹ ਦੱਸੇਗਾ ਕਿ ਜੇ ਤੁਸੀਂ ਵਾਧੂ ਪੈਸੇ ਪੀ ਐੱਸ ਟੀ ਦੇ ਤੌਰ 'ਤੇ ਦੇ ਦਿੱਤੇ ਹੋਣ ਤਾਂ ਤੁਸੀਂ ਇਹ ਵਾਪਸ ਕਿਵੇਂ ਲੈਣੇ ਹਨ।

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **ਬੁਲੇਟਿਨ GEN 009**, *ਅੰਡਰਸਟੈਂਡਿੰਗ ਯੂਅਰ ਕੰਜ਼ਿਊਮਰ ਟੈਕਸ ਆਡਿਟ* ਦੇਖੋ।

# ਵਿਆਜ ਅਤੇ ਜੁਰਮਾਨੇ

## ਵਿਆਜ

### *ਬਕਾਇਆ ਟੈਕਸ ਦੀਆਂ ਅਸੈੱਸਮੈਂਟਾਂ 'ਤੇ ਵਿਆਜ*

ਮਨਿਸਟਰੀ ਸੂਬੇ ਦੇ ਬਕਾਇਆ ਟੈਕਸਾਂ ਵਾਲੀਆਂ ਸਾਰੀਆਂ ਅਸੈੱਸਮੈਂਟਾਂ 'ਤੇ ਵਿਆਜ ਲੈਂਦੀ ਹੈ। ਵਿਆਜ ਹਰ ਮਹੀਨੇ ਲਾਇਆ ਜਾਂਦਾ ਹੈ ਅਤੇ ਉਸ ਤਰੀਕ ਤੋਂ ਗਿਣਿਆ ਜਾਂਦਾ ਹੈ ਜਦੋਂ ਵਿਆਜ ਦੇਣ ਯੋਗ ਸੀ ਜਾਂ ਜੇ ਵਿਆਜ ਜੋੜਿਆ ਜਾਣਾ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ ਤਾਂ ਪਿਛਲੀ ਵਾਰੀ ਵਿਆਜ ਲੱਗਣ ਤੋਂ ਬਾਅਦ ਬਣਦੇ ਦਿਨਾਂ ਦਾ ਲਾਇਆ ਜਾਂਦਾ ਹੈ।

### *ਪੈਸਿਆਂ ਦੀ ਵਾਪਸੀ 'ਤੇ ਵਿਆਜ*

ਗਲਤੀ ਨਾਲ ਦਿੱਤੇ ਗਏ ਟੈਕਸ ਵਾਪਸ ਕਰਨ 'ਤੇ ਅਸੀਂ ਵਿਆਜ ਤੁਹਾਡੇ ਵਲੋਂ ਵਾਧੂ ਪੈਸੇ ਦੇਣ ਦੀ ਤਰੀਕ ਤੋਂ ਗਿਣਦੇ ਹਾਂ, ਜਿਸ ਵਿੱਚੋਂ ਪਹਿਲੇ 60 ਦਿਨ ਪ੍ਰੋਸੈੱਸਿੰਗ ਸਮੇਂ ਵਜੋਂ ਕੱਢੇ ਜਾਂਦੇ ਹਨ। ਪੈਸਿਆਂ ਦੀਆਂ ਉਨ੍ਹਾਂ ਵਾਪਸੀਆਂ (ਰੀਫੰਡਜ਼) 'ਤੇ, ਜਿੱਥੇ ਤੁਹਾਨੂੰ ਪਹਿਲਾਂ ਟੈਕਸ ਦੇਣ ਅਤੇ ਫਿਰ ਵਾਪਸ ਲੈਣ ਲਈ ਕਲੇਮ ਕਰਨ ਦੀ ਲੋੜ ਹੁੰਦੀ ਹੈ, ਅਸੀਂ ਵਿਆਜ ਉਸ ਤਰੀਕ ਤੋਂ ਗਿਣਦੇ ਹਾਂ ਜਦੋਂ ਸਾਨੂੰ ਵਾਪਸੀ ਦਾ ਕਲੇਮ ਮਿਲਿਆ ਸੀ ਜਾਂ ਉਸ ਤਰੀਕ ਤੋਂ ਜਦੋਂ ਤੁਸੀਂ ਵਾਪਸੀ ਦਾ ਕਲੇਮ ਕਰਨ ਲਈ ਲੋੜੀਂਦੀ ਜਾਣਕਾਰੀ ਦਿੱਤੀ ਸੀ, ਅਤੇ ਇਸ ਵਿੱਚੋਂ ਪਹਿਲੇ 60 ਦਿਨ ਪ੍ਰੋਸੈੱਸਿੰਗ ਸਮੇਂ ਵਜੋਂ ਕੱਢੇ ਜਾਂਦੇ ਹਨ ।

**ਕਿਰਪਾ ਕਰਕੇ ਨੋਟ ਕਰੋ:** ਵਿਆਜ ਦੇ ਰੇਟ ਹਰ ਸਾਲ 1 ਅਕਤੂਬਰ, 1 ਜਨਵਰੀ, 1 ਅਪਰੈਲ ਅਤੇ 1 ਜੁਲਾਈ ਨੂੰ ਹਰ ਤਿੰਨਾਂ ਮਹੀਨਿਆਂ ਬਾਅਦ ਮਿੱਥੇ ਜਾਂਦੇ ਹਨ। ਮੌਜੂਦਾ ਰੇਟਾਂ ਲਈ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

### ਜੁਰਮਾਨੇ

ਟੈਕਸ ਦੇ ਬਕਾਏ ਲਈ ਕੀਤੀਆਂ ਗਈਆਂ ਬਹੁਤੀਆਂ ਪਹਿਲੀਆਂ ਅਸੈੱਸਮੈਂਟਾਂ 'ਤੇ ਅਸੀਂ ਜੁਰਮਾਨਾ ਨਹੀਂ ਲਾਉਂਦੇ, ਜੇ ਅਸੀਂ ਤੁਹਾਨੂੰ ਓਹੋ ਗਲਤੀ ਲਈ ਪਹਿਲਾਂ ਅਸੈੱਸ ਨਾ ਕੀਤਾ ਹੋਵੇ, ਜਾਂ ਇਹ ਸੰਕੇਤ ਨਾ ਮਿਲਦਾ ਹੋਵੇ ਕਿ ਤੁਸੀਂ ਟੈਕਸ ਦੇਣਦਾਰੀ ਤੋਂ ਜਾਣੂ ਸੀ।

ਪਹਿਲੀ ਅਸੈੱਸਮੈਂਟ ਲਈ, ਅਸੀਂ ਤੁਹਾਨੂੰ ਚਿਤਾਵਨੀ ਦੇਣ ਵਾਲੀ ਚਿੱਠੀ ਜਾਂ ਟੈਕਸ ਦਾ ਸਹੀ ਤਰੀਕੇ ਨਾਲ ਲੈਣ-ਦੇਣ ਕਰਨ ਲਈ ਜਾਣਕਾਰੀ ਦੇਣ ਵਾਲਾ ਨੋਟਿਸ ਭੇਜਦੇ ਹਾਂ ਅਤੇ ਪਾਲਣਾ ਨਾ ਕਰਨ ਦੀ ਸੂਰਤ ਵਿਚ ਜੁਰਮਾਨਾ ਲੱਗਣ ਦੀ ਵਾਰਨਿੰਗ ਦਿੰਦੇ ਹਾਂ।

ਪਹਿਲੀਆਂ ਅਸੈੱਸਮੈਂਟਾਂ 'ਤੇ 10% ਜੁਰਮਾਨਾ ਲਾਗੂ ਹੁੰਦਾ ਹੈ ਜੇ ਤੱਥ ਇਹ ਦਿਖਾਉਂਦੇ ਹੋਣ ਕਿ ਤੁਸੀਂ ਟੈਕਸ ਦੇਣਦਾਰੀ ਤੋਂ ਜਾਣੂ ਸੀ ਪਰ ਟੈਕਸ ਜਮ੍ਹਾਂ ਨਹੀਂ ਕਰਵਾਇਆ ਜਾਂ ਨਹੀਂ ਦਿੱਤਾ। ਜੇ ਅਸੀਂ ਤੁਹਾਨੂੰ ਪਹਿਲਾਂ ਵੀ ਟੈਕਸ ਦਾ ਸਹੀ ਲੈਣ-ਦੇਣ ਕਰਨ ਬਾਰੇ ਸੂਚਿਤ ਕੀਤਾ ਸੀ ਤਾਂ ਓਹੋ ਜਿਹੀ ਗਲਤੀ ਵਾਲੀਆਂ ਅਗਲੀਆਂ ਅਸੈੱਸਮੈਂਟਾਂ ਉੱਪਰ 10% ਜੁਰਮਾਨਾ ਲਾਗੂ ਹੁੰਦਾ ਹੈ।

25% ਜੁਰਮਾਨਾ ਸਿਰਫ ਤਾਂ ਹੀ ਲਾਗੂ ਹੁੰਦਾ ਹੈ ਜੇ ਇਸ ਚੀਜ਼ ਦਾ ਦਸਤਾਵੇਜ਼ੀ ਸਬੂਤ ਮੌਜੂਦ ਹੋਵੇ ਕਿ ਤੁਸੀਂ ਝੂਠੀ ਜਾਂ ਧੋਖੇ ਵਾਲੀ ਸਟੇਟਮੈਂਟ ਦੇ ਕੇ ਜਾਣਬੁੱਝ ਕੇ ਟੈਕਸ ਦੀ ਚੋਰੀ ਕੀਤੀ ਹੈ, ਜਾਣਬੁੱਝ ਕੇ ਭੁਗਤਾਨ ਨਹੀਂ ਕੀਤਾ ਜਾਂ ਫਰਾਡ ਕੀਤਾ ਹੈ।

100% ਜੁਰਮਾਨਾ ਸਿਰਫ ਤਾਂ ਹੀ ਲਾਗੂ ਹੁੰਦਾ ਹੈ ਜੇ ਤੁਸੀਂ ਜਾਣਬੁੱਝ ਕੇ ਸੂਬੇ ਲਈ ਇਕੱਠਾ ਕੀਤਾ ਗਿਆ ਟੈਕਸ ਜਮ੍ਹਾਂ ਨਹੀਂ ਕਰਵਾਉਂਦੇ। ਉਦਾਹਰਣ ਲਈ, ਤੁਸੀਂ ਲਗਾਤਾਰ ਟੈਕਸ ਇਕੱਠੇ ਕੀਤੇ ਅਤੇ ਜਾਣਬੁੱਝ ਕੇ ਟੈਕਸਾਂ ਬਾਰੇ ਨਹੀਂ ਦੱਸਿਆ ਅਤੇ ਜਮ੍ਹਾਂ ਨਹੀਂ ਕਰਵਾਇਆ, ਜਾਂ ਜਾਣਬੁੱਝ ਕੇ ਇਕੱਠੇ ਕੀਤੇ ਗਏ ਟੈਕਸ ਨੂੰ ਘਟਾ ਕੇ ਦੱਸਿਆ।

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **ਬੁਲੇਟਿਨ GEN 004**, *ਪੈਨਲਟੀ ਐਂਡ ਇਨਟਰੈਸਟ ਚਾਰਜਿਜ਼ ਫਾਰ ਓਵਰਡਿਊ ਟੈਕਸ ਰੀਟਰਨਜ਼* ਅਤੇ **GEN 005**, *ਪੈਨਲਟੀ ਪੌਲਸੀ ਫਾਰ ਅਸੈੱਸਮੈਂਟਸ ਆਫ ਟੈਕਸ ਡਿਊ* ਦੇਖੋ।

## ਟੈਕਸ ਅਸੈੱਸਮੈਂਟਾਂ ਜਾਂ ਪੈਸੇ ਮੋੜਨ ਤੋਂ ਨਾਂਹ ਕੀਤੇ ਜਾਣ ਬਾਰੇ ਅਪੀਲਾਂ

ਤੁਹਾਨੂੰ ਆਪਣੀ ਅਪੀਲ ਬਾਰੇ ਲਿਖਤੀ ਫੈਸਲਾ ਸਮੇਂ ਸਿਰ ਮਿਲੇਗਾ ਜਿਵੇਂ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ* ਵਿਚ ਦੱਸਿਆ ਗਿਆ ਹੈ।

### ਮੇਰੇ ਕੀ ਹੱਕ ਹਨ?

ਜੇ ਤੁਸੀਂ ਆਪਣੇ ਟੈਕਸਾਂ ਦੀ ਅਸੈੱਸਮੈਂਟ, ਵਿਆਜ ਜਾਂ ਜੁਰਮਾਨਿਆਂ ਨਾਲ ਜਾਂ ਪੈਸਿਆਂ ਦੀ ਵਾਪਸੀ ਤੋਂ ਨਾਂਹ ਹੋਣ ਜਾਂ ਵਾਪਸੀ ਦੇ ਕਲੇਮ ਵਿਚ ਕਮੀ ਹੋਣ ਦੇ ਕਿਸੇ ਫੈਸਲੇ ਨਾਲ ਅਸਹਿਮਤ ਹੋਵੋ ਤਾਂ ਤੁਹਾਨੂੰ ਸਿੱਧਾ ਸਮਾਲ ਬਿਜ਼ਨਸ ਐਂਡ ਰੈਵੇਨਿਊ ਦੇ ਮੰਤਰੀ ਕੋਲ ਅਪੀਲ ਕਰਨ ਦਾ ਹੱਕ ਹੈ। ਜੇ ਤੁਸੀਂ ਆਪਣੀ ਅਪੀਲ ਦੇ ਫੈਸਲੇ ਤੋਂ ਸੰਤੁਸ਼ਟ ਨਾ ਹੋਵੋ ਤਾਂ ਤੁਸੀਂ ਅਦਾਲਤਾਂ ਵਿਚ ਅਪੀਲ ਕਰ ਸਕਦੇ ਹੋ। ਕਾਨੂੰਨ ਅਪੀਲ ਦਰਜ ਕਰਵਾਉਣ ਦੇ ਸਮਿਆਂ ਦੀਆਂ ਹੱਦਾਂ ਮਿੱਥਦਾ ਹੈ।

### ਮੰਤਰੀ ਕੋਲ ਅਪੀਲਾਂ

> ਮੰਤਰੀ ਨੂੰ ਨੋਟਿਸ ਆਫ ਅਸੈੱਸਮੈਂਟ ਉੱਪਰ ਲਿਖੀ ਤਰੀਕ ਜਾਂ ਪੈਸੇ ਵਾਪਸ ਮੋੜਣ ਤੋਂ ਨਾਂਹ ਹੋਣ ਦੇ ਨੋਟਿਸ ਦੀ ਤਰੀਕ ਤੋਂ ਬਾਅਦ 90 ਦਿਨਾਂ ਦੇ ਵਿਚ ਵਿਚ ਅਪੀਲ ਦਾ ਨੋਟਿਸ ਮਿਲਣਾ ਜ਼ਰੂਰੀ ਹੈ।

> ਤੁਹਾਡਾ ਨੋਟਿਸ ਲਿਖਤੀ ਰੂਪ ਵਿਚ ਹੋਣਾ ਜ਼ਰੂਰੀ ਹੈ ਅਤੇ ਇਸ ਵਿਚ ਆਪਣੀ ਅਪੀਲ ਦੇ ਕਾਰਨ ਸਾਫ ਸਾਫ ਲਿਖੇ ਹੋਣੇ ਚਾਹੀਦੇ ਹਨ। ਇਸ ਨਾਲ ਸੰਬੰਧਿਤ ਸਾਰੇ ਤੱਥ ਅਤੇ ਹਿਮਾਇਤ ਕਰਨ ਵਾਲੇ ਪੇਪਰ ਸ਼ਾਮਲ ਕਰੋ।

> ਨੋਟਿਸ ਇਸ ਐਡਰੈਸ 'ਤੇ ਭੇਜਿਆ ਜਾਣਾ ਜ਼ਰੂਰੀ ਹੈ:
> Minister of Small Business and Revenue
> PO Box 9445 Stn Prov Govt, Victoria BC V8W 9V5

ਮੰਤਰੀ ਨੂੰ ਤੁਹਾਡਾ ਨੋਟਿਸ ਮਿਲਣ 'ਤੇ ਇਸ ਨੂੰ ਅਪੀਲਜ਼ ਐਂਡ ਲਿਟੀਗੇਸ਼ਨ ਬਰਾਂਚ ਨੂੰ ਭੇਜਿਆ ਜਾਂਦਾ ਹੈ। ਅਪੀਲਜ਼ ਐਂਡ ਲਿਟੀਗੇਸ਼ਨ ਬਰਾਂਚ ਮੰਤਰੀ ਨੂੰ ਭੇਜੀਆਂ ਗਈਆਂ ਸਾਰੀਆਂ ਅਪੀਲਾਂ 'ਤੇ ਵਿਚਾਰ ਕਰਦੀ ਹੈ ਅਤੇ ਉਹ ਤੁਹਾਨੂੰ ਇਹ ਦੱਸਦੀ ਹੋਈ ਇਕ ਚਿੱਠੀ ਭੇਜਣਗੇ ਕਿ ਉਨ੍ਹਾਂ ਨੂੰ ਤੁਹਾਡੀ ਅਪੀਲ ਮਿਲ ਗਈ ਹੈ। ਅਪੀਲਾਂ ਸੁਣਨ ਵਾਲਾ ਇਕ ਅਫਸਰ ਤੁਹਾਡੀ ਅਪੀਲ ਅਤੇ ਮਨਿਸਟਰੀ ਦੀ ਸਥਿਤੀ 'ਤੇ ਵਿਚਾਰ ਕਰੇਗਾ, ਅਤੇ ਮੰਤਰੀ ਕੋਲ ਇਸ ਬਾਰੇ ਆਪਣੀ ਸਿਫਾਰਸ਼ ਕਰੇਗਾ। ਤੁਸੀਂ ਅਪੀਲਜ਼ ਅਫਸਰ ਵਲੋਂ ਸਿਫਾਰਸ਼ ਕੀਤੇ ਜਾਣ ਤੋਂ ਪਹਿਲਾਂ ਉਸ ਨਾਲ ਆਪਣੀ ਅਪੀਲ ਬਾਰੇ ਗੱਲ ਕਰ ਸਕਦੇ ਹੋ।

ਜਦੋਂ ਅਪੀਲਜ਼ ਅਤੇ ਲਿਟੀਗੇਸ਼ਨ ਬਰਾਂਚ ਨੇ ਆਪਣਾ ਰਿਵੀਊ ਮੁਕੰਮਲ ਕਰ ਲਿਆ ਤਾਂ ਮੰਤਰੀ ਨਿੱਜੀ ਰੂਪ ਵਿਚ ਤੁਹਾਡੀ ਅਪੀਲ 'ਤੇ ਵਿਚਾਰ ਕਰੇਗਾ ਅਤੇ ਆਪਣਾ ਫੈਸਲਾ ਕਰੇਗਾ। ਤੁਹਾਨੂੰ ਮੰਤਰੀ ਦੇ ਫੈਸਲੇ ਬਾਰੇ ਲਿਖਤੀ ਇਤਲਾਹ ਸਮੇਂ ਸਿਰ ਭੇਜੀ ਜਾਵੇਗੀ ਜਿਵੇਂ *ਟੈਕਸਪੇਅਰ ਫੇਅਰਨੈੱਸ ਐਂਡ ਸਰਵਿਸ ਕੋਡ* ਵਿਚ ਦੱਸਿਆ ਗਿਆ ਹੈ। ਜੇ ਤੁਸੀਂ ਮੰਤਰੀ ਦੇ ਫੈਸਲੇ ਨਾਲ ਸਹਿਮਤ ਨਾ ਹੋਵੋ ਤਾਂ ਤੁਸੀਂ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਕੋਲ ਅਪੀਲ ਕਰ ਸਕਦੇ ਹੋ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **ਬੁਲੇਟਿਨ GEN 003**, *ਅਪੀਲਜ਼ ਆਫ ਟੈਕਸ ਅਸੈੱਸਮੈਂਟਸ ਐਂਡ ਡਿਸਅਲਾਊਡ ਰੀਫੰਡਜ਼* ਦੇਖੋ।

# ਟੈਕਸ ਦੇਣਦਾਰੀਆਂ ਬਾਰੇ ਆਪਣੇ ਆਪ ਦੱਸਣਾ

ਜੇ ਤੁਸੀਂ ਦੇਣ ਵਾਲੇ ਕਿਸੇ ਟੈਕਸ ਬਾਰੇ ਮਨਿਸਟਰੀ ਨੂੰ ਆਪਣੇ ਆਪ ਦੱਸਦੇ ਹੋ ਅਤੇ ਜੇ ਅੱਗੇ ਲਿਖੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਵੋ ਤਾਂ ਤੁਹਾਡੇ ’ਤੇ ਕੋਈ ਜੁਰਮਾਨਾ ਨਹੀਂ ਲੱਗੇਗਾ ਜਾਂ ਪੈਰਵੀ ਲਈ ਮੁਕੱਦਮਾ ਨਹੀਂ ਚਲਾਇਆ ਜਾਵੇਗਾ:

> ਤੁਸੀਂ ਦੇਣ ਵਾਲੇ ਟੈਕਸ ਬਾਰੇ ਆਪਣੇ ਆਪ ਦੱਸਦੇ ਹੋ,
> ਤੁਸੀਂ ਬਕਾਇਆ ਰਕਮ ਅਤੇ ਉਸ ਉੱਪਰ ਬਣਦਾ ਵਿਆਜ ਦਿੰਦੇ ਹੋ, ਜਾਂ ਪੇਮੈਂਟ ਕਰਨ ਦੇ ਸੰਤੁਸ਼ਟੀਜਨਕ ਪ੍ਰਬੰਧ ਕਰਦੇ ਹੋ, ਅਤੇ
> ਇਹ ਜਾਣਕਾਰੀ ਦੇਣ ਤੋਂ ਪਹਿਲਾਂ ਤੁਹਾਡੇ ਨਾਲ ਆਡਿਟ ਕਰਨ, ਇੰਸਪੈਕਸ਼ਨ ਕਰਨ ਜਾਂ ਟੈਕਸ ਇਕੱਠਾ ਕਰਨ ਦੇ ਮੰਤਵਾਂ ਲਈ ਮਨਿਸਟਰੀ ਵਲੋਂ ਸੰਪਰਕ ਨਹੀਂ ਕੀਤਾ ਗਿਆ।

ਜਾਣਕਾਰੀ ਦੇਣ ਲਈ, ਇਕ ਚਿੱਠੀ ਲਿਖੋ ਅਤੇ ਆਪਣੇ ਆਪ ਜਾਣਕਾਰੀ ਦੇਣ ਬਾਰੇ ਵਿਚਾਰ ਕੀਤੇ ਜਾਣ ਦੀ ਬੇਨਤੀ ਕਰੋ। ਵਿਚਾਰ ਕਰਨ ਲਈ ਬੇਨਤੀ ਕੀਤੇ ਜਾਣ ਦੇ ਸਮੇਂ ਜੇ ਤੁਹਾਡੇ ਕੋਲ ਟੈਕਸ ਦੇਣਦਾਰੀ ਬਾਰੇ ਸਾਰੇ ਵੇਰਵੇ ਨਾ ਹੋਣ ਤਾਂ ਤੁਸੀਂ ਇਹ ਕਹਿ ਸਕਦੇ ਹੋ ਕਿ ਤੁਸੀਂ ਵੇਰਵੇ ਬਾਅਦ ਦੀ ਕਿਸੇ ਤਰੀਕ ਨੂੰ ਦੇਵੋਗੇ। ਆਪਣੀ ਚਿੱਠੀ ਇਸ ਐਡਰੈਸ ’ਤੇ ਭੇਜੋ:

Inspection Section
Consumer Taxation Audit Branch
Suite 800 - 360 West Georgia Street, Vancouver BC V6B 6B2

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **ਬੁਲੇਟਿਨ GEN 005**, *ਪੈਨਲਟੀ ਪੌਲਿਸੀ ਫਾਰ ਅਸੈੱਸਮੈਂਟਸ ਆਫ ਟੈਕਸ ਡਿਊ* ਦੇਖੋ।

# ਮਨਿਸਟਰੀ ਦੇ ਹੋਰ ਪ੍ਰੋਗਰਾਮ ਜਿਹੜੇ ਤੁਹਾਡੇ ਕਾਰੋਬਾਰ ’ਤੇ ਅਸਰ ਪਾ ਸਕਦੇ ਹਨ

## ਇਨਕਮ ਟੈਕਸ

ਇਨਕਮ ਟੈਕਸ ਦੇ ਸਾਡੇ ਵੱਖ ਵੱਖ ਪ੍ਰੋਗਰਾਮਾਂ ਬਾਰੇ ਜਾਣਕਾਰੀ ਲੈਣ ਲਈ **www.sbr.gov.bc.ca** ’ਤੇ ਸਾਡਾ ਵੈੱਬਸਾਈਟ ਦੇਖੋ ਜਾਂ ਅੱਗੇ ਲਿਖੇ ਨੰਬਰਾਂ ’ਤੇ ਸਾਨੂੰ ਫੋਨ ਕਰੋ।

ਕਾਰਪੋਰੇਸ਼ਨ ਕੈਪੀਟਲ ਟੈਕਸ..........................................250 953-3082
ਇਨਸ਼ੋਰੈਂਸ ਪ੍ਰੀਮੀਅਮ ਟੈਕਸ..........................................250 953-3082
ਇੰਟਰਨੈਸ਼ਨਲ ਫਾਇਨੈਂਸ਼ੀਅਲ ਐਕਟੀਵਿਟੀ...........................250 953-3082
ਲੌਗਿੰਗ ਟੈਕਸ .......................................................250 953-3082

## ਇਨਕਮ ਟੈਕਸ ਕਰੈਡਿਟਸ

ਬੁੱਕ ਪਬਲਿਸ਼ਿੰਗ ਟੈਕਸ ਕਰੈਡਿਟ .....................................250 387-3332
ਫਿਲਮ ਐਂਡ ਟੈਲੀਵੀਜ਼ਨ ਟੈਕਸ ਕਰੈਡਿਟ .............................250 387-3332
ਮਾਈਨਿੰਗ ਐਕਸਪਲੋਰੇਸ਼ਨ ਟੈਕਸ ਕਰੈਡਿਟ ...........................250 387-3332
ਮਾਈਨਿੰਗ ਫਲੋਅ ਥਰੂ ਸ਼ੇਅਰ ਟੈਕਸ ਕਰੈਡਿਟ.........................250 387-3332
ਪ੍ਰੋਡਕਸ਼ਨ ਸਰਵਿਸਿਜ਼ ਟੈਕਸ ਕਰੈਡਿਟ ................................250 387-3332
ਸਾਇੰਟੀਫਿਕ ਰੀਸਰਚ ਐਂਡ ਐਕਸਪੈਰੀਮੈਂਟਲ
ਡਿਵੈਲਪਮੈਂਟ ਟੈਕਸ ਕਰੈਡਿਟ ..........................................250 387-3332
ਵੈਂਚਰ ਕੈਪੀਟਲ ਟੈਕਸ ਕਰੈਡਿਟ ......................................250 387-3332

ਫੈਡਰਲ ਇਨਕਮ ਟੈਕਸ ਕਰੈਡਿਟਸ ਜਾਂ ਜੀ ਐੱਸ ਟੀ ਬਾਰੇ ਜਾਣਕਾਰੀ ਲੈਣ ਲਈ **www.cra-arc.gc.ca** ’ਤੇ ਕੈਨੇਡਾ ਰੈਵੇਨਿਊ ਏਜੰਸੀ ਦਾ ਵੈੱਬਸਾਈਟ ਦੇਖੋ।

### ਪ੍ਰਾਪਰਟੀ ਟੈਕਸ

ਜੇ ਤੁਸੀਂ ਜ਼ਮੀਨ ਲੀਜ਼ ’ਤੇ ਲਈ ਹੋਈ ਹੈ ਅਤੇ ਤੁਹਾਡੀ ਲੀਜ਼ 30 ਸਾਲਾਂ ਨਾਲੋਂ ਜ਼ਿਆਦਾ ਸਮੇਂ ਲਈ ਹੈ ਜਾਂ ਇਸ ਸਮੇਂ ਤੋਂ ਬਾਅਦ ਇਹ ਨਵਿਆਈ ਜਾਣੀ ਹੈ ਤਾਂ ਪ੍ਰਾਪਰਟੀ ਟ੍ਰਾਂਸਫਰ ਟੈਕਸ ਲਾਗੂ ਹੋ ਸਕਦਾ ਹੈ। ਲੀਜ਼ਾਂ ਬਾਰੇ ਆਪਣੇ ਸਵਾਲਾਂ ਲਈ ਕਿਰਪਾ ਕਰਕੇ ਸਾਡੇ ਨਾਲ ਵਿਕਟੋਰੀਆ ਵਿਚ 250 387-0604 ’ਤੇ ਸੰਪਰਕ ਕਰੋ ਜਾਂ 1 800 663-7867 ’ਤੇ ਸਰਵਿਸ ਬੀ ਸੀ ਨੂੰ ਮੁਫਤ ਫੋਨ ਕਰੋ ਅਤੇ ਸਾਡੇ ਨਾਲ ਸੰਪਰਕ ਜੋੜਨ ਲਈ ਕਹੋ। ਤੁਸੀਂ **ruraltax@gov.bc.ca** ਐਡਰੈਸ ’ਤੇ ਸਾਨੂੰ ਆਪਣੇ ਸਵਾਲ ਈਮੇਲ ਵੀ ਕਰ ਸਕਦੇ ਹੋ।

ਪ੍ਰਾਪਰਟੀ ਟ੍ਰਾਂਸਫਰ ਟੈਕਸ ਜਾਂ ਆਮ ਪ੍ਰਾਪਰਟੀ ਟੈਕਸ ਅਤੇ ਮੌਜੂਦ ਛੋਟਾਂ ਬਾਰੇ ਜਾਣਕਾਰੀ ਲੈਣ ਲਈ **www.sbr.gov.bc.ca** ’ਤੇ ਸਾਡਾ ਵੈੱਬਸਾਈਟ ਦੇਖੋ।

## ਛੋਟੇ ਕਾਰੋਬਾਰਾਂ ਲਈ ਜਾਣਕਾਰੀ ਦੇ ਹੋਰ ਸ੍ਰੋਤ

ਅਸੀਂ ਇੱਥੇ ਹੋਰ ਵੈੱਬਸਾਈਟ ਸ਼ਾਮਲ ਕੀਤੇ ਹਨ ਜਿਹੜੇ ਕਿ ਨਵੇਂ ਕਾਰੋਬਾਰਾਂ ਲਈ ਖਾਸ ਤੌਰ ’ਤੇ ਫਾਇਦੇਮੰਦ ਹਨ।

ਵੰਨਸਟੌਪ ਬਿਜ਼ਨਸ ਰਜਿਸਟਰੀ – **www.bcbusinessregistry.ca**

ਬ੍ਰਿਟਿਸ਼ ਕੋਲੰਬੀਆ ਚੈਂਬਰ ਆਫ ਕਾਮਰਸ – **www.bcchamber.org**

ਬ੍ਰਿਟਿਸ਼ ਕੋਲੰਬੀਆ’ਜ਼ ਮਨਿਸਟਰੀ ਆਫ ਇਕਨੌਮਿਕ ਡਿਵੈਲਪਮੈਂਟ – **www.gov.bc.ca/ecdev**

ਕੈਨੇਡਾ ਰੈਵੇਨਿਊ ਏਜੰਸੀ (ਜੀ ਐੱਸ ਟੀ) – **www.cra-arc.gc.ca**

ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਨਡੈਂਟ ਬਿਜ਼ਨਸ (ਸੀ ਐੱਫ ਆਈ ਬੀ) – **www.cfib.ca**

ਕਮਿਉਨਟੀ ਫਿਊਚਰਜ਼ ਡਿਵੈਲਪਮੈਂਟ ਐਸੋਸੀਏਸ਼ਨ ਆਫ ਬ੍ਰਿਟਿਸ਼ ਕੋਲੰਬੀਆ – **www.communityfutures.ca/provincial/bc**

ਇਨਵੈਸਟਮੈਂਟ ਕੈਪੀਟਲ ਪ੍ਰੋਗਰਾਮਜ਼ – **www.equitycapital.gov.bc.ca**

ਮਨਿਸਟਰੀ ਆਫ ਸਮਾਲ ਬਿਜ਼ਨਸ ਐਂਡ ਰੈਵੇਨਿਊ – **www.gov.bc.ca/sbr**

ਰੀਟੇਲ ਬੀ ਸੀ – **www.retailbc.org**

ਰੀਟੇਲ ਕੌਂਸਲ ਆਫ ਕੈਨੇਡਾ – **www.retailcouncil.org**

ਸਰਵਿਸ ਬੀ ਸੀ ਸੈਂਟਰ – **www.servicebc.gov.bc.ca**

ਸਮਾਲ ਬਿਜ਼ਨਸ ਬੀ ਸੀ – **www.smallbusinessbc.ca**

2010 ਕਾਮਰਸ ਸੈਂਟਰ – **www.2010commercecentre.com**

## ਮਾਨਤਾ

ਇਸ ਗਾਈਡ ਦੀ ਤਿਆਰੀ ਵਿਚ ਆਪਣੀ ਸ਼ਮੂਲੀਅਤ ਕਰਨ ਅਤੇ ਮਦਦ ਕਰਨ ਲਈ ਅਸੀਂ ਅੱਗੇ ਲਿਖੀਆਂ ਸੰਸਥਾਵਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ।

***ਬ੍ਰਿਟਿਸ਼ ਕੋਲੰਬੀਆ ਚੈਂਬਰ ਆਫ ਕਾਮਰਸ***

***ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਨਡੈਂਟ ਬਿਜ਼ਨਸ***

***ਗਰੇਟਰ ਵਿਕਟੋਰੀਆ ਇਕਨੌਮਿਕ ਡਿਵੈਲਪਮੈਂਟ ਕਮਿਸ਼ਨ***

***ਰੀਟੇਲ ਬੀ ਸੀ***

***ਰੀਟੇਲ ਕੌਂਸਲ ਆਫ ਕੈਨੇਡਾ***

***ਸਮਾਲ ਬਿਜ਼ਨਸ ਬੀ ਸੀ***

ਇਸ ਅਨੁਵਾਦ ਕੀਤੀ ਗਈ ਲਿਖਤ ਦੀ ਪੜਚੋਲ ਕਰਨ ਵਿਚ ਮਦਦ ਲਈ ਅਸੀਂ ਪੰਜਾਬੀ ਮਾਰਕੀਟ ਐਸੋਸੀਏਸ਼ਨ ਦੇ ਧੰਨਵਾਦੀ ਹਾਂ।

# Small Business Guide

*to Provincial Sales Tax (PST)*

**ਰਲ ਕੇ ਕੰਮ ਕਰਨ ਦੀ ਭਾਈਵਾਲੀ**

BRITISH COLUMBIA
The Best Place on Earth

[Punjabi]